# ਅੰਮ੍ਰਿਤ ਕੀਰਤਨ



ਸਤੰਬਰ 2000

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 8 ◆ ਸਾਲ ਬਾਰ੍ਹਵਾਂ ◆ ਸਤੰਬਰ 2000



ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**
ਐਮ.ਏ., ਪੀ.ਐਚ.ਡੀ.

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਉੱਤਮ ਸਿੰਘ**



2 **ਮਿਤ੍ਰ ਅਸਾਡੜੇ ਸੇਈ**

6 **ਅਸਥਾਈ**
ਸੋਹਿੰਦਰ ਸਿੰਘ ਵਣਜਾਰਾ ਬੇਦੀ

7 **ਕਰਉ ਬੇਨੰਤੀਆ**

8 **ਅਰਦਾਸ ਕੇਵਲ ਨਾਮ ਲਈ ਕਰੀਏ**
ਭਗਵੰਤ ਸਿੰਘ ਦਲਾਵਰੀ

12 **ਮੇਰੇ ਰਾਮ ਹਉ ਸੋ ਥਾਨ ਭਾਲਨ ਆਇਆ**
ਰਮੇਸ਼ ਸਿੰਘ

17 **ਅਨੰਦ ਕਾਰਜ**
ਕਰਤਾਰ ਸਿੰਘ ਨੀਲਧਾਰੀ

19 **ਆਓ ਤਬਲਾ ਸਿੱਖੀਏ**
ਗੁਰਜੰਤ ਸਿੰਘ ਰਾਹੀ

21 **ਭਾਈ ਸਾਹਿਬ ਭਾਈ ਇਕਬਾਲ ਸਿੰਘ 'ਸਾਬਰ' 'ਰਾਗੀ'**
ਹਰਭਜਨ ਸਿੰਘ ਚੋਪੜਾ

23 **ਕੈਸਟ ਸਮੀਖਿਆ**
ਉੱਤਮ ਸਿੰਘ

24 **ਪੁਸਤਕ ਸਮੀਖਿਆ**
ਡਾ. ਗੁਰਮੀਤ ਸਿੰਘ ਬੈਦਵਾਣ

26 **Role of Music & Melody in Sikhism**
Ravindra Mohan Chopra

31 **Strains of Silence**
Ashish Sharma

33 **ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ**
ਮਨਮੋਹਨ ਸਿੰਘ

35 **ਸੁਰ-ਲਿਪੀਆਂ**
ਉੱਤਮ ਸਿੰਘ


**ਕਵਰ ਚਿੱਤਰ : ਰਾਗ ਭੈਰਵ**
ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1992
ਸਿਮ੍ਰਿਤੀ ਗ੍ਰੰਥ ਵਿੱਚੋਂ ਧੰਨਵਾਦ ਸਹਿਤ


'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

■

Donations are eligible for relief u/s 80 G of Income-Tax Act, 1961 vide CIT/ CHD/80-G/78/Tech. Dated 30-7-1999 valid upto 31-3-2001



ਚਿੱਠੀ ਪੱਤਰ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/I, ਸੈਕਟਰ 22-ਬੀ,
ਚੰਡੀਗੜ੍ਹ 160 022
ਫੋਨ :
0172-701396, 713915
E-mail:
drjagirsingh@mailjol.com



ਇਸ਼ਤਿਹਾਰਾਂ ਦਾ ਵੇਰਵਾ :
*ਪਿਛਲਾ ਕਵਰ*
6000 ਰੁਪਏ
*ਕਵਰ ਦੇ ਅੰਦਰਲੇ ਪੰਨੇ*
4000 ਰੁਪਏ
*ਸਾਧਾਰਨ ਪੂਰਾ ਪੰਨਾ*
2000 ਰੁਪਏ



ਚੰਦੇ ਦਾ ਵੇਰਵਾ :

ਦੇਸ਼ ◆ ਇਕ ਕਾਪੀ 15 ਰੁ. ◆ ਸਲਾਨਾ 150 ਰੁ. ◆ ਜੀਵਨ ਮੈਂਬਰ (15 ਸਾਲ) 1500 ਰੁ
ਵਿਦੇਸ਼ ◆ ਸਲਾਨਾ 30 $ ◆ ਜੀਵਨ ਮੈਂਬਰ (15 ਸਾਲ) 300 $

■

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

■



ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
(Pager: 9610408677)

# ਮਿਤ੍ਰ ਅਸਾਡੜੇ ਸੇਈ

★ ਤੁਹਾਡਾ ਹਰ ਮਹੀਨੇ ਛਪਣ ਵਾਲਾ 'ਅੰਮ੍ਰਿਤ ਕੀਰਤਨ' ਮੈਗਜ਼ੀਨ ਮੈਨੂੰ ਬਹੁਤ ਹੀ ਚੰਗਾ ਲੱਗਾ। ਮੈਂ B.A. III ਦਾ Student ਹਾਂ। ਘਰ ਦੀ ਆਰਥਿਕ ਹਾਲਤ ਠੀਕ ਨਹੀਂ ਹੈ। ਅਸੀਂ ਤਿੰਨ ਭੈਣ-ਭਰਾ ਹਾਂ। ਅੱਜ ਕਲ੍ਹ ਪੜ੍ਹਾਈ ਉੱਪਰ ਵੀ ਬਹੁਤ ਖਰਚ ਆਉਂਦਾ ਹੈ। ਮੈਨੂੰ ਗੁਰਬਾਣੀ ਨਾਲ ਬੜਾ ਪ੍ਰੇਮ ਹੈ। ਜੇ ਹੋ ਸਕੇ ਤਾਂ ਇੱਕ ਸਾਲ ਲਈ ਮੁਫਤ 'ਅੰਮ੍ਰਿਤ ਕੀਰਤਨ' ਮੈਗਜ਼ੀਨ ਭੇਜਣ ਦੀ ਖੇਚਲਾ ਕਰਨਾ ਜੀ। ਗੁਰਬਾਣੀ ਦਾ ਪ੍ਰਚਾਰ ਸੰਗਤਾਂ ਲਈ ਵੰਡਣਾ ਬਹੁਤ ਵੱਡਾ ਦਾਨ ਹੈ। ਗੁਰਬਾਣੀ ਲਈ ਸਾਡੇ ਗੁਰੂਆਂ ਨੇ ਬੇਹੱਦ ਕੁਰਬਾਨੀ ਕੀਤੀ ਹੈ। ਬਾਣੀ ਪੜ੍ਹਨ ਨਾਲ ਮਨ ਠੰਡਾ ਹੋ ਜਾਂਦਾ ਹੈ। ਪੜ੍ਹਾਈ ਦੇ ਨਾਲ-ਨਾਲ ਮੈਨੂੰ ਗੁਰੂ ਘਰ ਨਾਲ ਬੜਾ ਪ੍ਰੇਮ ਹੈ। ਮੈਂ ਹੋਰ ਕਿਸੇ ਉੱਪਰ ਵਿਸ਼ਵਾਸ ਨਹੀਂ ਰੱਖਦਾ। ਪ੍ਰਮਾਤਮਾ ਤੁਹਾਡਾ ਵੀ ਭਲਾ ਕਰੇ। ਇਸੇ ਤਰ੍ਹਾਂ ਸੰਗਤਾਂ ਦੀ ਸੇਵਾ ਕਰਨ ਦਾ ਬਲ ਬਖ਼ਸ਼ੇ। ਮੈਂ 'ਅੰਮ੍ਰਿਤ ਕੀਰਤਨ' ਮੈਗਜ਼ੀਨ ਦੀ ਉਡੀਕ ਬੇਸਬਰੀ ਨਾਲ ਕਰਾਂਗਾ।

*ਬੇਅੰਤ ਸਿੰਘ S/o ਸ੍ਰੀ ਗੁਰਦੀਪ ਸਿੰਘ ਗਿਆਨੀ*

ਪਿੰਡ ਤੇ ਡਾਕ. ਕੁਰੰਗਾਂਵਾਲੀ, ਤਹਿ ਅਤੇ ਜ਼ਿਲ੍ਹਾ, ਸਿਰਸਾ

ਹਰਿਆਣਾ 120 078

★ 'ਅੰਮ੍ਰਿਤ ਕੀਰਤਨ' ਦੇ ਜੂਨ ਅੰਕ ਵਿੱਚ ਦਾਸ ਦਾ ਛੋਟਾ ਜਿਹਾ ਲੇਖ ਛਾਪ ਕੇ ਆਪ ਨੇ ਉਤਸ਼ਾਹ ਵਰਧਨ ਕਰਕੇ ਕ੍ਰਿਤੱਗ ਕੀਤਾ ਹੈ- ਧੰਨਵਾਦ। ਆਪ ਨੇ ਦਾਸ ਦੇ ਨਾਮ ਨਾਲ 'ਗਿਆਨੀ' ਸ਼ਬਦ ਦੀ 'ਅਨਾਧਿਕਾਰਕ' ਵਰਤੋਂ ਕੀਤੀ ਹੈ ਕਿਉਂਕਿ ਨਾ ਤਾਂ ਮੇਰੀ ਅਕਾਦਮਿਕ ਯੋਗਤਾ ਅਜੇਹੀ ਹੈ ਅਤੇ ਨਾ ਹੀ ਐਸਾ ਗੁਰਮਤਿ ਗਿਆਨ ਪ੍ਰਾਪਤ ਹੋਇਆ ਹੈ ਜਿਸਦੇ ਨਾਲ ਇਹ ਟਕਸਾਲੀ ਵਿਸ਼ੇਸ਼ਣ ਵਰਤੀ ਜਾ ਸਕੇ। ਸੋ ਇਸ ਵਿਸ਼ੇਸ਼ਣ ਲਈ ਮੈਨੂੰ ਖਿਮਾ ਹੀ ਰੱਖਣਾ।

ਦਾਸ ਨੇ ਪੰਜਾਬੀ-ਗੁਰਮੁਖੀ-ਗੁਰਬਾਣੀ ਸਿੱਖਿਆ ਸੰਤ ਗਿਆਨ ਸਿੰਘ ਜੀ ਸੰਧਾ ਵਾਲੀਏ (ਮਹਾਰਾਜ ਸੰਤ ਕਿਲੇ ਵਾਲੇ ਦੇ ਦਰ ਦੇ ਨਿਵਾਜੇ ਪੂਰਨ ਬ੍ਰਹਮ ਗਿਆਨੀ ਸਾਧ ਜੀ) ਪਾਸੋਂ ਲਈ ਸੀ। ਮੰਡੀ ਹਿਮਾਚਲ ਵਿੱਚ ਹਿੰਦੀ ਦਾ ਵਿਸ਼ਾ ਵੀ ਅੱਠਵੀਂ ਤੱਕ ਰੱਖਿਆ ਸੀ। (ਪੰਜਾਬ ਯੂਨੀਵਰਸਿਟੀ ਦੇ ਤਤਕਾਲੀਨ ਮੈਟਰਿਕ ਕੋਰਸਾਂ ਅਨੁਸਾਰ) ਅਤੇ F.sc ਤੇ B.A. ਵਿੱਚ ਪੰਜਾਬੀ optional ਵਿਸ਼ਾ ਜ਼ਰੂਰ ਲਿਆ ਸੀ ਉਸ ਸਮੇਂ ਹੀ ਕੁਝ ਕਲਮ ਘਿਸਾਈ ਕੀਤੀ ਸੀ। ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਪਾਠ ਦਾ ਪਹਿਲਾ ਮੌਕਾ ਸਾਕਾ ਨੀਲਾ ਤਾਰਾ (1984) ਦੇ ਕਰਫਿਊ ਵਿੱਚ ਪੁਗਿਆ ਸੀ। ਉਸ ਤੋਂ ਬਾਅਦ ਵੀ ਪਾਠ ਸੁਧਾਈ ਲਈ ਗੁਰੂ ਕਿਰਪਾ ਨਾਲ ਜਿੰਨੇ ਵੀ ਸਬਬ ਮਿਲੇ ਸ਼ੁਕਰ ਕੀਤਾ ਤੇ ਅਜਿਹੀ ਸਿੱਖਿਆ ਦੀ ਚਾਹਤ ਇੱਕ ਅਲਪੱਗ ਵਿਦਿਆਰਥੀ ਦੇ ਨਾਤੇ ਸਦਾ ਹੀ ਰਹਿੰਦੀ ਹੈ। ਲਿੱਖਤ ਦੇ ਬਹਿਰ ਅਤੇ ਸ਼ਬਦ ਜੋੜ (ਸਪੈਲਿੰਗ) ਅਸ਼ੁਧੀਆਂ ਦੀ ਕਮਜ਼ੋਰੀ ਤੋਂ ਵੀ ਸ਼ਰਮਸਾਰ ਹੋਂਦਾ ਰਹਿੰਦਾ ਹਾਂ।

*ਕਰਤਾਰ ਸਿੰਘ ਨੀਲਧਾਰੀ*

162-ਏ, ਗਰੇਨ ਮਾਰਕੀਟ, ਚੰਡੀਗੜ੍ਹ

★ 'ਅੰਮ੍ਰਿਤ ਕੀਰਤਨ' ਲਗਾਤਾਰ ਮਿਲ ਰਿਹਾ ਹੈ, ਬਹੁਤ ਬਹੁਤ ਧੰਨਵਾਦ। ਕੁਝ ਦਿਨ ਪਹਿਲਾਂ ਲੰਦਨ ਤੋਂ ਅਮਰਜੀਤ ਚੰਦਨ ਦਾ ਖਤ ਆਇਆ ਹੈ। ਉਹਨਾਂ ਤੁਹਾਡੇ ਅਤੇ ਗੁਰਨਾਮ ਸਿੰਘ ਜੀ ਹੋਰਾਂ ਦੇ ਗਾਇਨ ਦੀ ਬਹੁਤ ਪ੍ਰਸ਼ੰਸਾ ਕੀਤੀ ਹੈ। ਉਹਨਾਂ ਦੇ ਹੀ ਸ਼ਬਦਾਂ ਵਿੱਚ 'ਮੈਨੂੰ ਡਾ. ਗੁਰਨਾਮ ਸਿੰਘ (ਪਟਿਆਲਾ) ਤੇ ਜਾਗੀਰ ਸਿੰਘ (ਚੰਡੀਗੜ੍ਹ) ਬਹੁਤ ਹੀ ਚੰਗੇ ਲੱਗੇ ਹਨ, (ਉਹਨਾਂ ਦੀ ਆਵਾਜ਼ ਵਿੱਚ) ਬੜਾ ਟਿਕਾਅ ਹੈ'

*ਸੁਭਾਸ਼ ਪਰਿਹਾਰ*

ਪੋ. ਆ. ਬਾਕਸ 48, ਕੋਟਕਪੂਰਾ 151 204

★ ਡਾ. ਜਾਗੀਰ ਸਿੰਘ ਦੀ ਤਹਿਰੀਰ, ਡਾ. ਤਾਰਨ ਸਿੰਘ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਕਾਵਿ ਪਰੰਪਰਾ, ਭਗਵੰਤ ਸਿੰਘ ਦਿਲਾਵਰੀ ਵੱਲੋਂ ਗੁਰਬਾਣੀ ਵਿੱਚ ਕਿਵੇਂ ਜੁੜੀਏ, ਭਾਈ ਗੁਰਜੰਤ ਸਿੰਘ ਵੱਲੋਂ ਤਬਲੇ ਬਾਰੇ ਖੋਜ ਭਰਪੂਰ ਲੇਖ, ਡਾ. ਜੋਗਿੰਦਰ ਬਾਵਰਾ ਵੱਲੋਂ ਫਿਰੰਦੇ ਪਾਸੋਂ ਗੁਰੂ ਨਾਨਕ ਦੇਵ ਜੀ ਨੇ ਰਬਾਬ ਮੰਗਵਾਉਣ ਬਾਰੇ, ਮਨਮੋਹਨ ਸਿੰਘ ਦਾਊਂ ਵੱਲੋਂ ਗੁਰਬਾਣੀ ਕੀਰਤਨ ਦੀ ਮਹਿਮਾ, ਗਿਆਨੀ ਆਵਤ ਸਿੰਘ ਵੱਲੋਂ ਗੁਰਬਾਣੀ ਗਾਇਨ ਪਰੰਪਰਾ, ਡਾ. ਗੁਰਮੁਖ ਸਿੰਘ ਸਹਿਗਲ ਵੱਲੋਂ ਸੰਗੀਤ, ਸੋਹਿੰਦਰ ਸਿੰਘ ਵਣਜਾਰਾ ਬੇਦੀ ਵੱਲੋਂ ਅੰਮ੍ਰਿਤ ਬਾਰੇ ਲੇਖ, ਕੋਮਲ ਸਿੰਘ ਵਲੋਂ 'ਪੁਸਤਕ ਸਮੀਖਿਆ', ਸੁਰ ਲਿਪੀ ਵਾਲੇ ਸ਼ਬਦਾਂ ਦੀ ਵਿਆਖਿਆ ਅਤੇ ਰਾਗ ਮਲਾਰ ਦੀਆਂ ਸੁਰ ਲਿਪੀਆਂ ਪਸੰਦ ਆਈਆਂ।

*ਪ੍ਰੋ. ਐਮ. ਐਸ. ਸਚਦੇਵਾ*

C/o ਡਾ. ਇਕਬਾਲ ਸਿੰਘ ਪਟੇਲ ਨਗਰ,

ਗਲੀ ਨੰ: 9, ਮਲੋਟ (ਮੁਕਤਸਰ)

★ ਅਗਸਤ 2000, ਦੇ 'ਅੰਮ੍ਰਿਤ ਕੀਰਤਨ' ਵਿੱਚ ਤੁਸਾਂ ਮੇਰੀ ਪੁਸਤਕ 'ਸੰਸਾਰ ਦੇ ਪ੍ਰਸਿੱਧ ਸੰਗੀਤਕਾਰ' ਵਿੱਚੋਂ

'ਸੰਗੀਤ' ਸਿਰਲੇਖ ਹੇਠ ਇੱਕ ਲੇਖ ਛਾਪਿਆ ਹੈ, ਇਸ ਲਈ ਤਾਂ ਧੰਨਵਾਦ ਹੀ ਕਹਿਣਾ ਬਣਦਾ ਹੈ ਪਰ ਜੇ ਇਹ ਲੇਖ ਛਾਪਣ ਤੋਂ ਪਹਿਲਾਂ ਤੁਸਾਂ ਮੈਨੂੰ ਦੱਸਿਆ ਹੁੰਦਾ ਤਾਂ ਪੁਸਤਕ ਛਪਣ ਵੇਲੇ ਭਾਸ਼ਾ ਵਿਭਾਗ ਨੇ ਜੋ ਅਰਥਾਂ ਦੇ ਅਨੱਰਥ ਕੀਤੇ ਸਨ ਉਸ ਤੋਂ ਤੁਸੀਂ ਬਚ ਜਾਂਦੇ। ਇਹ ਪੁਸਤਕ ਛਪਣ ਵੇਲੇ ਭਾਸ਼ਾ ਵਿਭਾਗ ਵੱਲੋਂ ਮੈਨੂੰ ਪਰੂਫ ਨਹੀਂ ਸਨ ਵਿਖਾਏ ਗਏ ਜਿਸ ਕਰਕੇ ਪੁਸਤਕ ਵਿੱਚ ਬੜੀਆਂ ਹੀ ਗੰਭੀਰ ਕਿਸਮ ਦੀਆਂ ਗਲਤੀਆਂ ਛੱਪ ਗਈਆਂ ਹਨ- ਮੈਂ ਲਿਖਿਆ ਸੀ 'ਸੰਗੀਤ ਰੂਹ ਦੀ ਖੁਰਾਕ ਹੈ, ਪੁਸਤਕ ਵਿੱਚ ਦਿੱਤਾ ਗਿਆ ਸੰਗੀਤ ਰੱਬ ਦੀ ਖੁਰਾਕ ਹੈ। ਇਸੇ ਤਰ੍ਹਾਂ 'ਅ-ਤਸ਼ਜ਼ਨ' ਸ਼ਬਦ ਨੂੰ 'ਆਤਸ਼ਜ਼ਨਾ' ਅਤੇ 'ਢੋਲ' ਨੂੰ 'ਢੋਲਾ' ਛਾਪ ਦਿੱਤਾ 'ਸਿੰਫਨੀ' ਨੂੰ 'ਸਿੰਨੀ', 'ਮਰੇਮਗੀ' ਨੂੰ 'ਮਰੇਮੋਗੀ' ਛਾਪ ਦਿੱਤਾ। ਇਸ ਤੋਂ ਇਲਾਵਾ ਕਈ ਸਤਰਾਂ ਹੀ ਪੈਰ੍ਹਿਆਂ ਵਿੱਚੋਂ ਉਡਾ ਦਿੱਤੀਆਂ ਗਈਆਂ ਜਿਸ ਕਰਕੇ ਵਾਕ ਦੀ ਸਮਝ ਨਹੀਂ ਆਉਂਦੀ ਤੁਹਾਡੇ ਛਾਪੇ ਇਸ ਲੇਖ ਵਿੱਚ ਇਹ ਸਾਰੀਆਂ ਗਲਤੀਆਂ ਦੁਹਰਾਈਆਂ ਗਈਆਂ ਹਨ। ਪੱਚੀ ਸਾਲ ਪਹਿਲਾਂ ਜਦੋਂ ਇਹ ਕਿਤਾਬ ਛਪੀ ਸੀ ਤਾਂ ਗਲਤੀਆਂ ਵੇਖ ਕੇ ਮਨ ਦੁੱਖੀ ਹੋਇਆ ਸੀ ਅੱਜ ਫੇਰ ਕੁੱਝ ਉਸੇ ਤਰ੍ਹਾਂ ਦਾ ਅਹਿਸਾਸ ਹੋ ਰਿਹਾ ਹੈ। ਅੱਜ ਤੋਂ ਪੱਚੀ ਸਾਲ ਪਹਿਲਾਂ ਛਪੀ ਇਹ ਕਿਤਾਬ, ਜਿਸ ਵਿੱਚ ਬੇਸ਼ੁਮਾਰ ਪਰੂਫ ਰੀਡਿੰਗ ਅਤੇ ਹੋਰ ਤਕਨੀਕੀ ਸ਼ਬਦਾਂ ਦੀਆਂ ਗਲਤੀਆਂ ਹਨ, ਜੇ ਮੈਂ ਇਸ ਨੂੰ ਦੁਬਾਰਾ ਸੋਧ ਕੇ ਲਿਖਾਂ ਤਾਂ ਇਸ ਦੀ ਪੂਰੀ ਰੂਪ ਰੇਖਾ ਹੀ ਬਦਲ ਜਾਵੇਗੀ ਕਿਉਂਕਿ ਸੰਗੀਤ ਜਗਤ ਵਿੱਚ ਵਿਸ਼ੇਸ਼ ਕਰਕੇ ਪੱਛਮੀ ਸੰਗੀਤ ਵਿੱਚ ਜੋ ਇਨਕਲਾਬ ਆਇਆ ਹੈ ਉਸ ਦੇ ਪ੍ਰਸੰਗ ਵਿੱਚ ਤਾਂ ਇਹ ਸਭ ਕੁੱਝ ਬਦਲ ਗਿਆ ਹੈ- ਖੈਰ।

'ਅੰਮ੍ਰਿਤ ਕੀਰਤਨ' ਨੂੰ ਤੁਸਾਂ ਅੱਗੇ ਨਾਲੋਂ ਬਹੁਤ ਹੀ ਸੰਵਰ ਤੇ ਨਿਖਾਰ ਲਿਆ ਹੈ। ਪੰਜਾਬੀ ਵਿੱਚ ਇਹ ਆਪਣੀ ਕਿਸਮ ਦਾ ਹੀ ਪਰਚਾ ਹੈ ਜਿਸ ਨੂੰ ਤੁਸੀਂ ਬੜੀ ਲਗਨ ਨਾਲ ਬਾਕਾਇਦਾ ਕੱਢ ਰਹੇ ਹੋ- ਇਸ ਲਈ ਤੁਸੀਂ ਮੁਬਾਰਕਬਾਦ ਦੇ ਹੱਕਦਾਰ ਹੋ। ਮੇਰੀ ਦੁਆ ਹੈ ਕਿ ਤੁਹਾਡਾ ਇਹ ਪਰਚਾ ਹਮੇਸ਼ਾਂ ਇਸੇ ਤਰ੍ਹਾਂ, ਛਪਦਾ ਰਹੇ।

**ਇੱਕ ਅਰਜ਼ ਇਹ ਹੈ ਕਿ ਮੈਂ ਕਿਸੇ ਵਿਸ਼ੇ ਉੱਤੇ ਡਾਕਟਰੇਟ ਨਹੀਂ ਕੀਤੀ ਇਸ ਲਈ ਮੇਰੇ ਨਾਂ ਨਾਲ ਡਾਕਟਰ ਸ਼ਬਦ ਦੀ ਵਰਤੋਂ ਤੋਂ ਗੁਰੇਜ਼ ਕੀਤਾ ਜਾਵੇ।**

*ਗੁਰਮਖ ਸਿੰਘ ਸਹਿਗਲ*

**144/8, ਮੁਹੱਲਾ ਅਰੋੜਿਆਂ, ਨੇੜੇ ਸੈਫ਼ਾਬਾਦੀ ਗੇਟ, ਪਟਿਆਲਾ**

**★ ਕੀ ਅੱਜ ਤੱਕ ਕਦੇ ਇਹ ਦੇਖਣ ਵਿੱਚ ਆਇਆ ਹੈ ਕਿ ਕਿਤੇ ਮੁਸਲਮਾਨਾਂ ਦੀ ਸਟੇਜ ਤੇ ਜਾਂ ਹਿੰਦੂਆਂ ਦੀ ਸਟੇਜ ਉੱਤੇ ਜਾਂ ਈਸਾਈਆਂ ਦੀ ਸਟੇਜ ਉੱਤੇ ਕਿਸੇ ਗੁਰੂ ਘਰ ਦੇ ਕੀਰਤਨੀਏ ਨੂੰ ਕੀਰਤਨ ਕਰਨ ਦਾ ਮੌਕਾ ਦਿੱਤਾ ਗਿਆ ਹੋਵੇ ਜੇਕਰ ਹੈ ਤਾਂ ਇਸ ਬਾਰੇ ਚਾਨਣਾ ਪਾਇਆ ਜਾਵੇ।**

ਜਿੱਥੋਂ ਤੱਕ ਸੰਬੰਧ ਹੈ ਰਬਾਬੀ ਜਥਿਆਂ ਦਾ ਮਰਦਾਨਾ ਵੀ ਰਬਾਬੀ ਸੀ। ਉਨ੍ਹਾਂ ਨੂੰ ਦਰਬਾਰ ਸਾਹਿਬ ਕੀਰਤਨ ਦੀ ਅਨੁਮਤੀ ਇਸ ਕਰਕੇ ਦਿੱਤੀ ਗਈ ਸੀ ਕਿ ਖੱਤਰੀ ਬ੍ਰਾਹਮਣ ਸੂਦ ਵੈਸ਼ ਉਪਦੇਸ ਚਹੁ ਵਰਨਾ ਕੋ ਸਾਂਝਾ।

ਅੱਜ ਮਸਲਾ ਹੈ ਸਹਿਜਧਾਰੀ ਤੇ ਅੰਮ੍ਰਿਤਧਾਰੀ ਦਾ। ਕੀ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਅਲੱਗ ਅਲੱਗ ਹਨ। ਜਦੋਂ ਅਸੀਂ ਨਿਤ ਕੀਰਤਨ ਕਰਦੇ ਹਾਂ '*ਸਭ ਮਹਿ ਜੋਤ ਜੋਤ ਹੈ ਸੋਇ ਤਿਸ ਦੇ ਚਾਨਣ ਸਭ ਮਹਿ ਚਾਨਣ ਹੋਇ*' ਤਾਂ ਫਿਰ ਵਿਤਕਰਾ ਕਿਉਂ।

ਗੁਰੂ ਨਾਨਕ ਨੇ ਸੰਸਾਰ ਨੂੰ ਸ਼ਬਦ ਗੁਰੂ ਦੇ ਲੜ ਲਾਇਆ ਹੈ ਉਸ ਵੇਲੇ ਉਨ੍ਹਾਂ ਦਾ ਹੁਕਮ ਸੀ 'ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤਰ ਸੁਣਾਇਆ' ਤੇ ਇਸ ਤੇ ਮੋਹਰ ਲਗ ਗਈ।

*'ਜਪਿ ਮਨ ਸਤਿਨਾਮੁ ਸਦਾ ਸਤਿਨਾਮੁ'*

ਧਨਾਸਰੀ ਮਹਲਾ ੪।

ਵਕਤ ਅਨੁਸਾਰ ਤਬਦੀਲੀ ਆਈ ਚਰਨਾਮ੍ਰਿਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਰੂਪ ਦੇ ਦਿੱਤਾ ਅੰਮ੍ਰਿਤ ਦਾ ਤੇ ਸ਼ਬਦ ਗੁਰੂ 'ਵਾਹਿਗੁਰੂ' ਗੁਰਮੰਤ੍ਰ ਦੇ ਲੜ ਲਾ ਦਿੱਤਾ ਤੇ ਹੁਕਮ ਕਰ ਦਿੱਤਾ ਕਿ ਮਿਲੇਗਾ ਕਿੱਥੋਂ? ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਜੇ ਹੋਏ ਪੰਜ ਪਿਆਰੇ ਇਸ ਨੂੰ ਵਰਤਾ ਸਕਦੇ ਹਨ ਜੋ ਕਿ ਇਸ ਦਾ ਚਾਹਵਾਨ ਹੋਵੇ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਵਿੱਚ ਆਵੇ ਤੇ ਮਰਯਾਦਾ ਅਨੁਸਾਰ ਅੰਮ੍ਰਿਤ ਛਕੇ ਤੇ ਗੁਰੂ ਵਾਲਾ ਬਣੇ। ਤਖਤਾਂ ਦੀ ਮਰਯਾਦਾ ਤੋਂ ਆਪ ਮੇਰੇ ਨਾਲੋਂ ਜਿਆਦਾ ਜਾਣੂ ਹੋਵੋਗੇ ਕਿਉਂਕਿ ਦਾਸ ਨੇ ਤਾਂ ਅਜੇ ਦੋ ਤਖਤਾਂ ਤੇ ਹਾਜ਼ਰੀ ਭਰਨ ਦੀ ਸੇਵਾ ਕੀਤੀ ਹੈ, ਤਖਤ ਸ੍ਰੀ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ। ਆਪ ਜੀ ਨੇ ਤਾਂ ਮੇਰਾ ਖਿਆਲ ਹੈ ਪੰਜਾਂ ਤਖਤਾਂ ਤੇ ਹੀ ਹਾਜ਼ਰੀ ਲੁਆਈ ਹੋਵੇਗੀ।

**ਇਸ ਕਰਕੇ ਬੇਨਤੀ ਹੈ ਕਿ ਅਜਿਹੇ ਆਰਟੀਕਲ ਨਾ ਛਾਪਿਆ ਕਰੋ ਜੋ ਕਿ ਸ਼ਰਧਾਵਾਨਾਂ ਦੀ ਸ਼ਰਧਾ ਤੋੜਨ। ਗੁਰੂ ਘਰ ਨਾਲ ਕਿਸੇ ਨੂੰ ਜੋੜਨਾ ਇਸ ਨਾਲ ਦਾ ਪੁੰਨ ਕੋਈ ਨਹੀਂ ਹੈ ਤੇ ਗੁਰੂ ਘਰ ਨਾਲੋਂ ਤੋੜਨਾ ਇਸ ਨਾਲ**

ਦਾ ਪਾਪ ਕੋਈ ਨਹੀਂ ਹੈ।

*ਪਾਪ ਕਮਾਵਦਿਆਂ ਤੇਰਾ ਕੋਇ ਨ ਬੇਲੀ ਰਾਮ।।*

ਗੁਰੂ ਕਰੇ ਅਕਾਲ ਪੁਰਖ ਆਪ ਨੂੰ ਸੁਮੱਤ ਬਖਸ਼ੇ।।

ਜੇਕਰ ਕੋਇ ਸਿੱਖ ਕੀਰਤਨੀ ਜਥਾ (ਅੰਮ੍ਰਿਤਧਾਰੀ) ਕਿਸੇ ਹੋਰ ਸਟੇਜ ਤੇ ਨਹੀਂ ਬੋਲ ਸਕਦਾ ਤਾਂ ਪੰਥ ਦਾ ਵੀ ਇਹ ਫੈਸਲਾ ਹੋਣਾ ਚਾਹੀਦਾ ਹੈ ਕਿ ਕਿਸੇ ਵੀ ਅੰਮ੍ਰਿਤਧਾਰੀ ਤੋਂ ਇਲਾਵਾ ਇਸ ਸਟੇਜ ਤੇ ਬੋਲਣ ਦਾ ਕਿਸੇ ਵੀ ਹੋਰ ਕਮਿਉਨਟੀ ਨੂੰ ਹੱਕ ਨਹੀਂ। ਇਹ ਸਿਰਫ ਉਨ੍ਹਾਂ ਦੀ ਸਟੇਜ ਹੈ।

*ਜਬ ਲਗ ਖਾਸਲਾ ਰਹੇ ਨਿਆਰਾ।।*

*ਤਬ ਲਗ ਤੇਜ ਦੀਓ ਮੈ ਸਾਰਾ।।*

*ਜਸਬੀਰ ਸਿੰਘ ਗੇਹਲ, ਸੀਨੀਅਰ ਲੇਖਾਕਾਰ*

ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ ਲਿਮਟਿਡ, ਚੰਡੀਗੜ੍ਹ।

★ ਅੰਮ੍ਰਿਤ ਕੀਰਤਨ ਵਿੱਚ ਸਭ ਤੋਂ ਪਹਿਲਾਂ ਮੈਂ 'ਕਰਉ ਬੇਨੰਤੀਆਂ' ਪੜ੍ਹਦਾ ਹਾਂ। ਚੰਗੇ ਵਿਚਾਰਾਂ ਵਿੱਚੋਂ ਚੰਗੇ ਖਿਆਲ ਨਿਕਲਦੇ ਹਨ ਤੇ ਹਰ ਮਹੀਨੇ ਤੁਸੀਂ ਆਪਣੇ ਇਹਨਾਂ ਚੰਗੇ ਵਿਚਾਰਾਂ ਤੇ ਖਿਆਲਾਂ ਦੇ ਖ਼ਜ਼ਾਨੇ ਵਿੱਚ ਤੁਸੀਂ ਆਪ ਹੀ ਵਾਧਾ ਨਹੀਂ ਕਰਦੇ ਸਗੋਂ ਹੋਰ ਕਿੰਨੇ ਹੀ ਤੁਹਾਡੇ ਉਪਾਸ਼ਕ ਅਤੇ ਪਾਠਕ ਵੀ ਇਹਨਾਂ ਰਾਹੀਂ ਹੋਰ ਅਮੀਰ ਹੋ ਜਾਂਦੇ ਹਨ (ਉਹਨਾਂ ਵਿੱਚੋਂ ਮੈਂ ਵੀ ਇੱਕ ਹਾਂ।) ਜਦੋਂ ਹਰ ਮਹੀਨੇ ਤੁਹਾਡਾ ਪਰਚਾ ਪਹੁੰਚਦਾ ਹੈ ਤਾਂ ਹਰ ਵਾਰ ਹੀ ਤੁਹਾਡੀ ਘਾਲ-ਕਮਾਈ ਦੀ ਇੱਕ ਗੱਲ ਯਾਦ ਆਉਂਦੀ ਹੈ। ਉਹ ਇਹ ਕਿ ਜਦੋਂ ਅੱਸੀਵਿਆਂ ਵਿੱਚ ਮੈਂ ਬੜੌਦੇ ਬਦਲ ਕੇ ਵਾਪਸ ਆਇਆ ਤਾਂ 'ਅੰਮ੍ਰਿਤ ਕੀਰਤਨ' ਕੁਝ ਕੁ ਪੰਨਿਆਂ ਦਾ ਛੋਟਾ ਜਿਹਾ (ਸਾਈਜ਼ ਵਿੱਚ ਛੋਟਾ) ਸੰਗੀਤ ਬਾਰੇ ਲੇਖਾਂ ਨਾਲ ਭਰਪੂਰ, ਆਉਣ ਲੱਗਾ ਸੀ। ਤੁਹਾਡੀ ਮਿਹਨਤ ਸਦਕਾ ਇਸ ਪਰਚੇ ਨੇ ਏਨੀ ਤਰੱਕੀ ਕੀਤੀ ਕਿ ਅੱਜ ਉਸ ਦੀ ਨੁਹਾਰ ਤੇ ਅਕਾਰ ਹੀ ਨਹੀਂ ਬਦਲਿਆ ਸਗੋਂ ਡਾ. ਕੇਸਰ ਵਰਗੇ ਚੰਗੇ ਵਿਦਵਾਨਾਂ ਦੇ ਲੇਖਾਂ ਤੋਂ ਲੈ ਕੇ ਅੰਗਰੇਜ਼ੀ ਵਿੱਚ ਵੀ Chris mooney Singh ਵਰਗੇ ਵਿਦੇਸ਼ਾਂ ਵਿੱਚ ਰਹਿੰਦੇ ਬੁੱਧੀਜੀਵੀਆਂ ਦੇ ਵਿਚਾਰ ਵੀ ਆ ਰਹੇ ਹਨ। ਤੁਹਾਡਾ ਇਹ ਪਰਚਾ ਅੱਜ ਆਪਣਾ ਇੱਕ ਖਾਸ ਸਥਾਨ ਰੱਖਦਾ ਹੈ। ਤੁਸੀਂ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਇਸ ਨੂੰ ਹੋਰ ਅਰਥ-ਭਰਪੂਰ ਬਣਾ ਕੇ ਉੱਚਾ ਚੁੱਕ ਰਹੇ ਹੋ। ਮੈਂ ਆਪਣੀਆਂ ਢੇਰ ਸਾਰੀਆਂ ਸ਼ੁਭ-ਇੱਛਾਵਾਂ ਤੁਹਾਨੂੰ ਭੇਜਦਾ ਹਾਂ ਤੇ ਰੱਬ ਅੱਗੇ ਅਰਦਾਸ ਕਰਦਾ ਹਾਂ ਕਿ ਤੁਹਾਡੀ ਸ਼ਖਸੀਅਤ ਵਾਂਗ, ਤੁਹਾਡੇ ਰਾਗ ਵਾਂਗ ਇਹ ਪਰਚਾ ਹਰ ਮਹੀਨੇ ਹੋਰ ਸੁਹਣਾ, ਹੋਰ ਸੁਰੀਲਾ ਤੇ ਹੋਰ ਹਰਮਨ ਪਿਆਰਾ ਹੁੰਦਾ ਰਹੇ।

*ਗੁਰਚਰਨ ਸਿੰਘ*

250 ਫੇਜ਼ 1ਏ, ਮੁਹਾਲੀ

★ ਆਪ ਜੀ ਨੇ ਜੋ ਦਾਸ ਦੇ ਗੁਰਬਾਣੀ ਕੀਰਤਨ ਅਤੇ ਕਲਾਸੀਕਲ ਸੰਗੀਤ ਦੀ ਜਾਣਕਾਰੀ ਬਾਰੇ ਪੁੱਛਿਆ ਹੈ। ਦਾਸ ਦੀ ਨਿਮਾਣੀ ਜਿਹੀ-ਬੇਨਤੀ ਹੈ ਕਿ ਦਾਸ ਨੂੰ ਇਸ ਸੰਬੰਧੀ ਕੋਈ ਜ਼ਿਆਦਾ ਅਮਲੀ ਤਜਰਬਾ ਨਹੀਂ ਹੈ। ਕਿਸੇ ਪੂਰਬਲੇ ਭਾਗਾਂ ਕਰਕੇ ਅਖੰਡ ਕੀਰਤਨੀ ਜਥੇ ਨਾਲ ਜੁੜਨ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਮਹਿਸੂਸ ਕੀਤਾ ਕਿ ਪ੍ਰਭੂ ਪ੍ਰਾਪਤੀ ਵਾਸਤੇ ਕੀਰਤਨ ਤੋਂ ਉੱਚੀ ਕੋਈ ਚੀਜ਼ ਨਹੀਂ। ਜਥੇ ਦੇ ਸਿੰਘ ਰਾਗਾਂ ਦੇ ਸਿੱਖਣ ਦੀ ਸਿਰ ਦਰਦੀ ਵਿੱਚ ਨਹੀਂ ਪੈਂਦੇ, ਸਿੱਧਾ ਸਾਧਾ ਕੀਰਤਨ ਕਰਦੇ ਹਨ ਜਿਹਦੇ ਨਾਲ ਸਾਰੀ ਸੰਗਤ ਜੁੜ ਸਕੇ। ਜਦੋਂ ਸਾਰੀ ਸੰਗਤ ਮਿਲਕੇ ਗਾਉਂਦੀ ਹੈ ਤਾਂ ਕੀਰਤਨੀਏ ਅਤੇ ਸਰੋਤੇ ਦਾ ਭਿੰਨ ਭੇਦ ਮਿਟ ਜਾਂਦਾ ਹੈ। ਦਾਸ ਵਿੱਚ ਗਾਉਣ ਸੰਬੰਧੀ ਕੋਈ ਮੌਲਿਕ ਗੁਣ ਨਾ ਹੋਣ ਕਰਕੇ ਗੁਰਬਾਣੀ ਸੰਗੀਤ ਦੀਆਂ ਕਿਤਾਬਾਂ ਦੀ ਜ਼ਰੂਰਤ ਪਈ। ਅੰਮ੍ਰਿਤ ਕੀਰਤਨ ਦਾ ਜਦੋਂ ਤੋਂ ਇਹ ਸ਼ੁਰੂ ਹੋਇਆ ਹੈ, ਉਦੋਂ ਤੋਂ ਹੀ ਲਾਈਫ ਮੈਂਬਰ ਹਾਂ। ਸੋ ਗੁਰਬਾਣੀ ਸੰਗੀਤ ਦੀਆਂ ਕਿਤਾਬਾਂ ਚੋਂ ਅਤੇ ਅੰਮ੍ਰਿਤ ਕੀਰਤਨ ਮਾਸਕ ਪੱਤਰ ਵਿੱਚ ਛਪਣ ਵਾਲੀਆਂ ਰੀਤਾਂ ਚੋਂ ਆਸਾਨ ਅਤੇ ਸਰਲ ਰੀਤਾਂ ਢੂੰਢ ਕੇ ਘਰ ਵਿੱਚ ਆਤਮ ਤ੍ਰਿਪਤੀ ਲਈ ਗਾਉਂਦਾ ਹਾਂ ਅਤੇ ਸੰਗਤ ਵਿੱਚ ਜਾ ਕੇ ਧੀਰਜ ਨਾਲ ਕੀਰਤਨ ਸੁਣਦਾ ਹਾਂ। ਬਸ ਕੀਰਤਨ ਸੰਬੰਧੀ ਦਾਸ ਦੀ ਏਨੀ ਕੁ ਜਾਣਕਾਰੀ ਹੈ।

ਡਾਕਟਰ ਜਾਗੀਰ ਸਿੰਘ ਜੀ ਨਾਲ ਪ੍ਰੇਮ ਭਰਿਆ ਸੰਬੰਧ ਹੈ ਅਤੇ ਚਿੱਠੀਆਂ ਲਿਖਕੇ ਵੀ ਦਾਸ ਨੂੰ ਨਿਵਾਜਦੇ ਰਹਿੰਦੇ ਹਨ। ਮੈਂ ਉਨ੍ਹਾਂ ਦਾ ਬਹੁਤ ਸ਼ੁਕਰ ਗੁਜ਼ਾਰ ਹਾਂ ਅਤੇ 'ਅੰਮ੍ਰਿਤ ਕੀਰਤਨ' ਮਾਸਕ ਪੱਤਰ ਨਾਲ ਖਾਸ ਸਨੇਹ ਹੈ ਕਿਉਂਕਿ ਇਹ ਇੱਕੋ ਹੀ ਇੱਕ ਪੂਰੇ ਸਿੱਖ ਜਗਤ ਵਿੱਚ ਐਸਾ ਮਾਸਕ ਪੱਤਰ ਹੈ ਜੋ ਕੀਰਤਨ ਸੰਬੰਧੀ ਜਾਣਕਾਰੀ ਦੇਂਦਾ ਹੈ।

*Achhar Singh 2,*

Raja Ki Chawl, Near Topi Wala Chawl, Adarsh Lane,

Jawahar Nagar, Khar (East) Mumbai-400 051

★ 'ਅੰਮ੍ਰਿਤ ਕੀਰਤਨ' ਦੁਬਾਰਾ ਚਾਲੂ ਕਰਨ ਲਈ ਬਹੁਤ ਧੰਨਵਾਦ। ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ ਵਿੱਚ ਤਕਰੀਬਨ 40 ਵਿਦਿਆਰਥੀ ਗੁਰਮਤਿ ਸੰਗੀਤ

ਬਾਰੇ ਸਿੱਖਿਆ ਲੈ ਰਹੇ ਹਨ। ਇਸਦੀ ਕੋਈ ਫੀਸ ਨਹੀਂ ਲਈ ਜਾਂਦੀ। ਇਹ ਨਿਸ਼ਕਾਮ ਸੇਵਾ ਹੈ। ਬੱਚਿਆਂ ਨੂੰ ਨਿਰਧਾਰਤ ਰਾਗਾਂ ਦੇ ਆਧਾਰ ਤੇ ਕੀਰਤਨ ਸਖਾਇਆ ਜਾਂਦਾ ਹੈ।

*ਕੁਲਦੀਪ ਸਿੰਘ ਹੰਸਪਾਲ*
ਹੰਸਪਾਲ ਗੁਰਬਾਣੀ ਸੰਗੀਤ ਅਕੈਦਮੀ
232 ਈਸਟ ਮੋਹਨ ਨਗਰ, ਅੰਮ੍ਰਿਤਸਰ

★ I have been receiving 'Amrit Kirtan' (A.K.) and have been reading regularly. A publication like this is important and for this reason I have taken the liberty to make some comments. I hope you will not mind.

A.K. is title indicates it is devoted to kirtan then why not remain committed to what you started or intended to do.

Some of your readers have written that the Shabads with notations are too primitive for them. Which is very likely. I have a suggestion.

Why not have 3 levels of Shabads for notations - 1) Beginner, 2) Intermediate and advanced. Instead 2 Shabads, publish 3 or 6.

At the end of the year publish one issue which will have an index and copies of all Shabads with notation for that year.

I being a very early beginer find it difficult to create the notation for the rest of the Shabad. Some how it does not sound the same as given for Asthai & Antra by expert. Why not publish the notation for the whole Shabad.

For my self I have devised a grid system I write the notation and words in different colours red & black to make it easy to follow and write the whole Shabad. So as not to depend on my memory.

I for my self am interested in learning about music as applied to Gurbani, and will feel very happy if these changes can be centemplated.

I also think your magazine will be more successful. There are many Kirtanias, Kathakar, Parcharks & Gianis who are trying to do Sikhi Parchar. I hope you can stay focused on your objective i.e. spreading knowledge about Gurbani Kirtan.

*Kuldeep Sushdev*
1 Silver Stream Dr, West Harrison, NY 10604-1514

★ ਅਗਸਤ ਦਾ 'ਅੰਮ੍ਰਿਤ ਕੀਰਤਨ' ਬਹੁਤ ਹੀ ਕਾਬਿਲੇ ਤਾਰੀਫ ਸੀ। ਸੰਪਾਦਕੀ ਨੋਟ 'ਕਰਉ ਬੇਨੰਤੀਆ' ਬਹੁਤ ਹੀ ਸ਼ਲਾਘਾ ਯੋਗ ਸੀ। 'ਗੁਰਬਾਣੀ ਨਾਲ ਜੁੜੀਏ' ਲੇਖ ਵਲੋਂ ਭਗਵੰਤ ਸਿੰਘ ਦਿਲਾਵਰੀ, 'ਆਉ ਤਬਲਾ ਸਿੱਖੀਏ' ਲੇਖ ਵਲੋਂ ਭਾਈ ਗੁਰਜੰਤ ਸਿੰਘ ਜੀ, 'ਗੁਰ ਨਾਨਕ ਦੇਵ ਜੀ ਦਾ ਫਿਰੰਦੇ ਪਾਸੋਂ ਰਬਾਬ ਮੰਗਵਾਉਣਾ' ਲੇਖ ਵਲੋਂ ਡਾ. ਜੋਗਿੰਦਰ ਸਿੰਘ ਜੀ ਬਾਵਰਾ, 'ਗੁਰਬਾਣੀ ਗਾਇਨ ਪ੍ਰੰਪਰਾ' ਲੇਖ ਵਾਲੇ ਗਿ: ਆਵਤ ਸਿੰਘ ਜੀ, ਬਹੁਤ ਹੀ ਕਾਬਿਲੇ ਤਾਰੀਫ ਸੀ।

*ਮੰਗਤ ਸਿੰਘ ਮਸਤਾਨਾ*
C/o ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀ ਰਾਮ, ਮਲੋਟ (ਮੁਕਤਸਰ)

ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ ਇੱਕੋ-ਇੱਕ ਆਵਾਜ਼
(ਪੰਦਰਵਾੜਾ)
**ਸਿੱਖ ਲੀਗ**
2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8 ਫੋਨ : 5707096

# ਅਸਥਾਈ

## ਸੋਹਿੰਦਰ ਸਿੰਘ ਵਣਜਾਰਾ ਬੇਦੀ

ਲੋਕ ਗੀਤਾਂ ਦੀ ਬਣਤਰ ਵਿੱਚ ਅਸਥਾਈ ਤੇ ਅੰਤਰੇ ਦਾ ਬੜਾ ਮਹੱਤਵ ਹੈ। ਅਸਥਾਈ ਉਹ ਪੰਗਤੀ ਜਾਂ ਤੁਕ ਹੈ ਜੋ ਕਿਸੇ ਗੀਤ ਵਿੱਚ ਬਾਰ ਬਾਰ ਦੁਹਰਾਈ ਜਾਂਦੀ ਹੈ। ਗੀਤਾਂ ਦਾ ਮੂਲ ਭਾਵ ਇਸੇ ਤੁਕ ਵਿੱਚ ਸਥਿਤ ਹੁੰਦਾ ਹੈ। ਕਈ ਪੰਜਾਬੀ ਲੋਕ ਗੀਤਾਂ ਦੀਆਂ ਅਸਥਾਈਆਂ ਬੜੀਆਂ ਹੀ ਪੁਰਾਣੀਆਂ ਹਨ ਅਤੇ ਮੱਧਕਾਲ ਤੋਂ ਚਲੀਆਂ ਆ ਰਹੀਆਂ ਹਨ। ਅਸਲ ਵਿੱਚ ਪ੍ਰਸਿੱਧ ਗੀਤਾਂ ਦੀਆਂ ਅਸਥਾਈਆਂ ਦੀਰਘ ਕਾਲ ਤਕ ਲੋਕਾਂ ਦੇ ਮੂੰਹ ਚੜ੍ਹੀਆਂ ਰਹਿੰਦੀਆਂ ਹਨ, ਪਰ ਹਰ ਯੁਗ ਦੀ ਲੋੜ ਅਨੁਸਾਰ ਅੰਤਰੇ ਵਧਾ ਘਟਾ ਲਏ ਜਾਂਦੇ ਹਨ। ਪੰਜਾਬੀ ਵਿੱਚ ਪ੍ਰਚੱਲਤ ਅਨੇਕਾਂ ਲੋਕ-ਗੀਤਾਂ ਦੀਆਂ ਅਸਥਾਈਆਂ ਤਾਂ ਪੁਰਾਣੀਆਂ ਹਨ, ਪਰ ਅੰਤਰੇ ਨਹੀਂ। ਅੰਤਰੇ ਨਵੇਂ ਰਚੇ ਜਾਂਦੇ ਰਹੇ। ਹੇਠਾਂ ਲੋਕ-ਗੀਤਾਂ ਦਾ ਇੱਕ ਬੰਦ ਦਿੱਤਾ ਜਾਂਦਾ ਹੈ-

ਰਸੀਆ ਨਿੰਬੂ ਲਿਆ ਦੇ ਵੇ,
ਮੇਰੀ ਉਠੀ ਕਲੇਜੇ ਪੀੜ।
ਨਾ ਇਹ ਨਿੰਬੂਆ ਨੇੜੇ ਤੇੜੇ,
ਨਾ ਨਿੰਬੂਆ ਕਸ਼ਮੀਰ।
ਸ਼ਾਵਾਸ਼ੇ ਮੇਰੇ ਮਾਹੀ ਦੇ,
ਜਿਸ ਨਿੰਬੂ ਲਿਆਂਦਾ ਚੀਰ।

ਪਹਿਲੀਆਂ ਦੋ ਸਤਰਾਂ ਅਸਥਾਈ ਦੀਆਂ ਹਨ ਅਤੇ ਅਗਲੀਆਂ ਚਾਰ ਅੰਤਰੇ ਦੀਆਂ। ਇਸ ਗੀਤ ਵਿੱਚ ਸੰਭਾਵਨਾ ਅਨੁਸਾਰ ਹੋਰ ਨਵੇਂ ਅੰਤਰੇ ਰਲਾਏ ਜਾ ਸਕਦੇ ਹਨ ਤੇ ਕਈ ਹੋਰ ਸ਼ਹਿਰਾਂ ਦੇ ਨਾਂ ਲੈ ਕੇ ਉਨ੍ਹਾਂ ਦੇ ਚਰਿਤ੍ਰ ਦੇ ਅਨੁਕੂਲ ਹੋਰ ਗੱਲਾਂ ਕਹੀਆਂ ਜਾ ਸਕਦੀਆਂ ਹਨ। ਅੰਤਰੇ ਲੱਸੀ ਦੇ ਵਧਾਣ ਵਾਂਗ ਇੱਛਾ ਅਨੁਸਾਰ ਵਧਾਏ ਜਾ ਸਕਦੇ ਹਨ, ਪਰ ਅਸਥਾਈ ਜਿਸ ਵਿੱਚ ਲੋਕ-ਗੀਤ ਦੇ ਪ੍ਰਾਣ ਹਨ, ਲਗਭਗ ਅਬਦਲ ਰਹੀ ਹੈ। ਅਸਥਾਈ ਵਿੱਚ ਹੀ ਕਿਸੇ ਲੋਕ-ਗੀਤ ਦੀ ਮੂਲ ਆਤਮਾ ਸੁੱਤੀ ਪਈ ਹੁੰਦੀ ਹੈ।

ਇਸੇ ਤਰ੍ਹਾਂ 'ਛੰਦ ਪਰਾਗੇ ਆਈਏ ਜਾਈਏ' ਦੇ ਟੱਪਿਆਂ ਵਿੱਚ 'ਛੰਦ ਪਰਾਗੇ ਆਈਏ ਜਾਈਏ' ਅਸਥਾਈ ਹੈ। ਸੰਮੀ ਦੇ ਗੀਤਾਂ ਵਿੱਚ 'ਸੰਮੀ ਮੇਰੀ ਵਣ' ਦੀ ਅਸਥਾਈ ਪ੍ਰਧਾਨ ਹੈ ਅਤੇ ਰਾਵੀ ਦੇ ਗੀਤਾਂ ਵਿੱਚ 'ਵਗਦੀ ਏ ਰਾਵੀ ਮਾਹੀ ਵੇ' ਦੀ ਅਸਥਾਈ। ਪੰਜਾਬ ਦੇ ਲੋਕ ਗੀਤਾਂ ਦੀਆਂ ਬਹੁਤੀਆਂ ਅਸਥਾਈਆਂ ਬੜੀਆਂ ਭਾਵਪੂਰਤ ਤੇ ਭਾਵਨਾ ਨਾਲ ਇਕਸੁਰ ਹਨ ਅਤੇ ਉਨ੍ਹਾਂ ਵਿੱਚ ਪੰਜਾਬੀਆਂ ਦੇ ਦਿਲਾਂ ਦੀ ਕੋਈ ਧੜਕਣ, ਉਮੰਗ ਜਾਂ ਪੀੜਾ ਛੁਪੀ ਹੋਈ ਹੈ।

*( ਪੁਸਤਕ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਵਿੱਚੋਂ ਧੰਨਵਾਦ ਸਹਿਤ )*

**PAGE SPONSORED BY : AHUJA FAMILY**
C-353, Defence Colony New Delhi 110 024

## ਕਰਉ ਬੇਨੰਤੀਆ

## ਮੇਰੇ ਕੀਰਤਨ ਕੈਸਟ ਕਾਰਨਾਮੇ

ਸਾਨੂੰ ਹਰ ਮਹੀਨੇ ਕਈ ਕੀਰਤਨੀਆਂ ਦੀਆਂ ਚਿੱਠੀਆਂ ਆਉਂਦੀਆਂ ਹਨ ਕਿ ਉਹਨਾਂ ਦੇ ਕੀਰਤਨ ਦੀਆਂ ਕੈਸਟਾਂ ਰਿਕਾਰਡ ਭਰਵਾਉਣ ਵਿੱਚ ਕੋਈ ਮਦਦ ਕਰੀਏ।

ਇਸ ਬਾਰੇ ਮੈਂ ਆਪਣਾ ਅਨੁਭਵ ਤੁਹਾਡੇ ਨਾਲ ਸਾਝਾ ਕਰਨਾ ਚਾਹੁੰਦਾ ਹਾਂ। ਪਹਿਲਾਂ-ਪਹਿਲਾਂ ਮੈਂ ਵੀ ਕੈਸਟਾਂ ਭਰਵਾਉਣ ਲਈ ਬੜੀਆਂ ਲਿਲਕੜੀਆਂ ਲੈਂਦਾ ਰਿਹਾ ਹਾਂ। ਕਈ ਟੇਪ ਰਿਕਾਰਡਰ ਲਏ। ਕੀਰਤਨ ਰਿਕਾਰਡ ਕੀਤੇ ਆਪਣੇ ਸੱਜਣਾਂ ਮਿੱਤਰਾਂ ਨੂੰ ਸੁਣਾ ਸੁਣਾ ਕੇ ਤਾਰੀਫਾਂ ਹਾਸਲ ਕੀਤੀਆਂ।

ਪਰ ਜਦੋਂ ਵੀ ਕੈਸਟਾਂ ਦੀ ਕਿਸੇ ਦੁਕਾਨ ਤੋਂ ਕਿਸੇ ਕੀਰਤਨੀਆਂ ਦੀ ਕੈਸਟ ਸੁਣਦਾ ਤਾਂ ਮਨ ਵਿੱਚ ਵਲੇਲ ਉੱਠਦਾ ਕਿ ਕਾਸ਼ ਮੇਰੀ ਵੀ ਕੋਈ ਕੈਸਟ ਬਣ ਸਕੇ। ਅਸੀਂ ਪਹਿਲੀ ਕੈਸਟ ਚੰਡੀਗੜ੍ਹ ਦੇ ਇੱਕ ਨਵੇਂ ਬਣੇ ਸਟੂਡੀਓ ਵਿੱਚ ਕਈ ਦਿਨ ਲਾ ਕੇ ਤਿਆਰ ਕਰਵਾਈ! ਕੈਸਟ ਤਿਆਰ ਹੋ ਗਈ ਪਰ ਕੋਈ ਕੰਪਨੀ ਖਰੀਦਣ ਲਈ ਤਿਆਰ ਨਾ ਹੋਈ। ਉਹਨਾਂ ਦਿਨਾਂ ਵਿੱਚ ਮੇਰਾ ਅਮਰੀਕਾ ਚੱਕਰ ਲੱਗਾ। ਉੱਥੇ ਉਹ ਕੈਸਟ ਕਾਫੀ ਸਲਾਹੀ ਗਈ। ਕਾਫੀ ਵਿਕਰੀ ਹੋਈ। ਉਹ ਕੈਸਟ ਵਿੱਚੋਂ ਇੱਕ ਸ਼ਬਦ ਲੋਕ ਸੰਪਰਕ ਵਿਭਾਗ ਵੀ ਇੱਕ ਲਾਈਟ ਐਂਡ ਸਾਊਂਡ ਪ੍ਰੋਗਰਾਮ ਵਿੱਚ ਵਰਤਦਾ ਰਿਹਾ। ਕੁਝ ਸਮੇਂ ਬਾਦ ਉਹ ਸਟੂਡੀਓ ਬੰਦ ਹੋ ਗਿਆ।

ਫਿਰ ਅਸੀਂ ਕਦੀ ਕਿਸੇ ਕੰਪਨੀ ਨੂੰ ਨਹੀਂ ਕਿਹਾ ਸਾਡੀ ਕੈਸਟ ਤਿਆਰ ਕਰੇ। 1984-85 ਵਿੱਚ ਟੈਕਸਲਾ ਵਾਲਿਆਂ ਦੀ ਚਿੱਠੀ ਆਈ ਕਿ ਕੈਸਟਾਂ ਤਿਆਰ ਕਰਵਾਉਣ ਲਈ ਆਓ ਪਰ ਕਿਸੇ ਕਾਰਨ ਨਹੀਂ ਜਾ ਸਕੇ। ਇਸ ਤੋਂ ਪਹਿਲਾਂ HMV ਨੇ ਜਦੋਂ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਦੇ ਕੈਸਟ ਤਿਆਰ ਕਰਨੇ ਸਨ ਉਦੋਂ ਉਹਨਾਂ ਦੀ ਚਿੱਠੀ ਵੀ ਆਈ ਸੀ ਪਰ ਸਾਡੇ ਨਾਲੋਂ ਵੱਡੇ ਕੀਰਤਨੀਆਂ ਨੇ ਸਾਨੂੰ ਨੇੜੇ ਨਾ ਲੱਗਣ ਦਿੱਤਾ।

ਫਿਰ ਲੁਧਿਆਣੇ ਇੱਕ ਨਵੀਂ ਕੰਪਨੀ ਬਣੀ। ਉਹ ਮੇਰੇ ਕੋਲ ਆਏ। ਉਹਨਾਂ ਨੇ 'ਭਜਹੁ ਗੋਬਿੰਦ' ਕੈਸਟ ਤਿਆਰ ਕੀਤੀ। ਦੂਜੀ ਕੈਸਟ 'ਥੰਮੇ ਕੋਇ ਨਾ ਸਾਧ ਬਿਨ' ਤਿਆਰ ਕੀਤੀ। ਜਦੋਂ ਉਹਨਾਂ ਨੂੰ ਵਿਕਰੀ ਬਾਰੇ ਪੁੱਛਦੇ ਤਾਂ ਉਹਨਾਂ ਦਾ ਇਹ ਜੁਆਬ ਹੁੰਦਾ ਕਿ ਕੈਸਟਾਂ ਵਿਕਦੀਆਂ ਹੀ ਨਹੀਂ। ਦੇਵਨੈਤ ਨਾਲ ਪੰਜ-ਛੇ ਸਾਲਾਂ ਵਿੱਚ ਇਹ ਕੰਪਨੀ ਬੰਦ ਹੋ ਗਈ।

ਫਿਰ ਲੁਧਿਆਣੇ ਦੀ ਇੱਕ ਹੋਰ ਕੰਪਨੀ ਨੇ 'ਭਾਗ ਹੋਆ' ਕੈਸਟ ਤਿਆਰ ਕੀਤੀ। ਇਹ ਕੈਸਟ ਵੀ ਕੰਪਨੀ ਦੇ ਕਹੇ ਅਨੁਸਾਰ ਵਿਕੀ ਨਹੀਂ।

1991 ਵਿੱਚ ਦਿੱਲੀ ਦੀ ਇੱਕ ਨਵੀਂ ਬਣੀ ਕੰਪਨੀ ਨੇ 'ਬਾਬੀਹਾ ਅੰਮ੍ਰਿਤ ਵੇਲੇ ਬੋਲਿਆ, ਪੂਤਾ ਮਾਤਾ ਕੀ ਆਸੀਸ ਅਤੇ ਜਿਉ ਰਾਖਹਿ ਤਿਉ ਰਹੀਐ' ਕੈਸਟਾਂ ਰਿਕਾਰਡ ਕੀਤੀਆਂ। ਇਹਨਾਂ ਦੀ ਵਿਕਰੀ ਵੀ ਦਿੱਲੀ ਵਿੱਚ ਹੀ ਹੋਈ। ਕੁਝ ਸਮੇਂ ਬਾਦ ਇਹ ਕੰਪਨੀ ਵੀ ਬੰਦ ਹੋ ਗਈ। ਬੈਕਸਨ ਕੰਪਨੀ ਨੇ 'ਕਲਤਾਰਨ ਨਾਨਕ ਅਵਤਾਰਾ' ਕੈਸਟ ਕੱਢੀ ਕੁਝ ਸਮੇਂ ਬਾਦ ਇਹ ਕੰਪਨੀ ਵੀ ਬੰਦ ਹੋ ਗਈ।

ਫਿਰ ਟੀ. ਸੀਰੀਜ਼ ਵਾਲਿਆਂ ਨੇ ਇੱਕ ਕੈਸਟ 'ਸਭ ਬਿਧਿ ਤਮਹੀ ਜਾਨਤੇ' ਕੱਢੀ। ਕੁਝ ਸਮੇਂ ਬਾਦ ਉੱਥੇ ਵੀ ਗੜਬੜ ਹੋ ਗਈ।

ਇਸ ਕਰਕੇ ਹੁਣ ਜਦੋਂ ਕੋਈ ਕੰਪਨੀ ਮੇਰੇ ਕੋਲੋਂ ਕੈਸਟ ਰਿਕਾਰਡ ਕਰਵਾਉਣ ਲਈ ਆਉਂਦੀ ਹੈ। ਤਾਂ ਉਹ ਮੇਰੇ ਪਿਛਲੇ ਕੈਸਟ-ਕਾਰਨਾਮੇ ਸੁਣ ਕੇ ਕੈਸਟ ਕੱਢਣ ਦਾ ਹੌਸਲਾ ਨਹੀਂ ਕਰਦੇ।

ਆਪਣੇ ਸੱਜਣਾਂ ਮਿੱਤਰਾਂ ਦੀ ਫਰਮਾਇਸ਼ ਪੂਰੀ ਕਰਨ ਲਈ ਆਪਣੇ ਆਪ ਹੀ ਕੈਸਟਾਂ ਰਿਕਾਰਡ ਕਰ ਕੇ ਦੇਈ ਜਾਂਦਾ ਹਾਂ। ਉਹ ਸਿਫਤਾਂ ਕਰਦੇ ਹਨ ਤੇ ਅਸੀਂ ਇਸ ਉੱਤੇ ਹੀ ਗੁਜ਼ਾਰਾ ਕਰ ਲੈਂਦੇ ਹਾਂ। ਹੁਣ ਸਮਝ ਆ ਗਈ ਹੈ ਮੇਰਾ ਕੀਰਤਨ ਸ਼ਾਇਦ ਕੈਸਟਾਂ ਦੇ ਕਾਬਲ ਹੀ ਨਹੀਂ।

ਇਹ ਬੜੀ ਖੋਜ ਦਾ ਵਿਸ਼ਾ ਹੈ ਕਿ ਕਿਹੜੀ ਕੈਸਟ ਸਰੋਤਿਆਂ ਵਿੱਚ ਚਲਣੀ ਹੈ। ਮੈਨੂੰ ਤਾਂ ਅਜੇ ਤੱਕ ਪਤਾ ਨਹੀਂ ਲੱਗਾ।

ਜੇ ਤੁਸੀਂ ਇਸ ਬਾਰੇ ਕੁਝ ਜਾਣਦੇ ਹੋ ਤਾਂ ਦੱਸਣ ਦੀ ਕਿਰਪਾ ਕਰੋ ਜੀ।

# ਅਰਦਾਸ ਕੇਵਲ ਨਾਮ ਲਈ ਕਰੀਏ

ਭਗਵੰਤ ਸਿੰਘ ਦਲਾਵਰੀ
Tapovan, Amravati - 444 602 (Maharashtra)

ਕਈ ਵਾਰ ਸਾਨੂੰ ਐਸੇ ਸਵਾਲ ਹੱਲ ਕਰਨ ਲਈ ਉਲਝਣਾ ਪੈਂਦੀਆਂ ਹਨ ਕਿ ਅਸੀਂ ਚਕਰਾ ਹੀ ਜਾਂਦੇ ਹਾਂ ਤੇ ਹੱਲ ਵੀ ਕੁਝ ਨਹੀਂ ਕਰ ਪਾਂਦੇ। ਲਗਦਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬਹੁਮੁਲੀ ਸਿੱਖਿਆ ਨੂੰ ਨਾ ਸਮਝ ਪਾਏ ਹਾਂ, ਨਾ ਕੋਸ਼ਿਸ਼ ਕਰਦੇ ਹਾਂ ਸਮਝਣ ਦੀ ਕਿਉਂਕਿ ਸਾਡਾ ਮਨ ਬਧਾ ਹੋਇਆ ਹੈ ਮਾਇਆ ਦੇ ਧੰਧਿਆਂ ਵਿੱਚ ਤੇ ਅਸੀਂ ਪ੍ਰੇਮ, ਸੱਚ ਤੇ ਭਰੋਸੇ ਦਾ ਸੰਦੇਸ਼ ਆਪਣੀਆਂ ਅਣਗਹਿਲੀਆਂ ਕਰ ਕੇ ਅਪਣੇ ਅੰਦਰ ਨਹੀਂ ਵਾੜ ਸਕੇ। ਆਉ ਵੀਚਾਰੀਏ ਵਾਹਿਗੁਰੂ ਦਾ ਸਰੂਪ ਜੋ ਗੁਰੂ ਗ੍ਰੰਥ ਸਾਹਿਬ ਪ੍ਰਗਟ ਕਰਦੇ ਹਨ।

1. ਵਾਹਿਗੁਰੂ ਅੰਤਰਜਾਮੀ ਹੈ।

2. ਵਾਹਿਗੁਰੂ ਪ੍ਰੇਮ ਕਰਦਾ ਹੈ ਸਭ ਨੂੰ, ਤੇ ਸਭ ਥਾਂ, ਤੇ ਸਭ ਅੰਦਰ ਵਸਦਾ ਹੈ।

3. ਅਸੀਂ ਉਸ ਦੇ ਬੱਚੇ ਹਾਂ, ਉਹ ਸਾਡੇ ਮਾਤਾ-ਪਿਤਾ, ਪਤੀ ਤੇ ਮਾਲਕ ਵਾਂਗ ਹਰ ਵਕਤ ਸਾਡਾ ਧਿਆਨ ਰੱਖਦਾ ਹੈ।

4. ਸਾਡੀਆਂ ਲੋੜਾਂ ਦਾ ਉਸਨੂੰ ਪਤਾ ਹੈ ਤੇ ਆਪਣੇ ਬੱਚਿਆਂ ਨੂੰ ਉਹ ਕਦੇ ਵੀ ਨਾਖੁਸ ਨਹੀਂ ਵੇਖਣਾ ਚਾਹੁੰਦਾ।

5. ਉਹ ਸਾਡੇ ਅਉਗਣ ਨਹੀਂ ਚਿਤਾਰਦਾ ਤੇ ਸਾਨੂੰ ਗਲ ਨਾਲ ਲਾ ਕੇ ਰੱਖਦਾ ਹੈ।

6. ਉਹ ਮਿਠਬੋਲੜਾ ਹੈ ਤੇ ਸਾਡਾ ਸੱਜਣ-ਮਿੱਤ੍ਰ ਹੈ।

7. ਦੁਖ ਦੇਣਾ ਉਹਦਾ ਸੁਭਾਅ ਹੀ ਨਹੀਂ, ਉਹ ਤਾਂ ਹਰ ਵੇਲੇ ਸਾਡਾ ਭਲਾ ਸੋਚਦਾ ਹੈ।

8. ਉਹ ਕੇਵਲ ਪਿਆਰ ਦਾ ਭੁੱਖਾ ਹੈ ਤੇ ਸਾਡੇ ਬਾਹਰਲੇ ਕਰਮਕਾਂਡੀ ਭਗਤੀ ਦੀਆਂ ਰੀਤਾਂ ਨਾਲ ਨਹੀਂ ਰੀਝਦਾ।

9. ਉਹ ਸੌਦੇਬਾਜ ਨਹੀਂ ਤੇ ਸਾਡੇ ਸ਼ਰਤੀ ਚਲੀਹੇ, ਜਾਂ ਸੁਖਣਾ, ਜਾਂ ਮਤਲਬੀ ਅਰਦਾਸਾਂ ਨਾਲ ਸਾਡੇ ਤੇ ਖੁਸ਼ ਨਹੀਂ ਹੁੰਦਾ।

10. ਫੇਰ, ਉਹ ਸਹਿਜੇ ਹੀ ਸਾਡੀ ਪ੍ਰਤਿਪਾਲਨਾ ਕਰਦਾ ਹੈ ਤੇ ਸਾਡੇ ਨਾਲੋਂ ਕਦੇ ਵਿਛੜਦਾ ਨਹੀਂ।

ਇਹ ਸਾਰੀਆਂ ਗੱਲਾਂ ਮੈਂ ਗੁਰੂ ਅਰਜਨ ਦੇਵ ਜੀ ਦੇ ਇੱਕੋ ਸ਼ਬਦ ਵਿੱਚੋਂ, ਜਿਹੜਾ ਪੂਰਾ ਥੱਲੇ ਦੇ ਰਿਹਾ ਹਾਂ, ਚੁਣੀਆਂ ਹਨ।

ਪਉੜੀ (ਮਾਰੂ ਡਖਣੇ ਮ: 5, ਪੰਨਾ 1101-1102)

*"ਹਰਿ ਜੀ ਮਾਤਾ ਹਰਿ ਜੀ ਪਿਤਾ*
*ਹਰਿ ਜੀਉ ਪ੍ਰਤਿਪਾਲਕ॥*
*ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ॥*
*ਸਹਜੇ ਸਹਿਜ ਖਿਲਾਇੰਦਾ ਨਹੀ ਕਰਦਾ ਆਲਕ॥*
*ਅਉਗਣ ਕੋ ਨ ਚਿਤਾਰਦਾ ਗਲ ਸੇਤੀ ਲਾਇਕ॥*
*ਮੁਹਿ ਮੰਗਾ ਸੋਈ ਦੇਵਤਾ ਹਰਿ ਪਿਤਾ ਸੁਖਦਾਇਕ॥*
*ਗਿਆਨੁ ਰਾਸਿ ਨਾਮੁ ਧਨੁ*
*ਸਉਪਿਓਨੁ ਇਸੁ ਸਉਦੇ ਲਾਇਕ॥*
*ਸਾਂਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ॥*
*ਮੈ ਨਾਲਹੁ ਕਦੇ ਨ ਵਿਛੁੜੇ*
*ਹਰਿ ਪਿਤਾ ਸਭਨਾ ਗਲਾ ਲਾਇਕ॥"*

ਹੈ ਕੋਈ ਕਸਰ ਇਹ ਗਲ ਸਮਝਣ ਵਿੱਚ ਕਿ ਸਾਡਾ ਵਾਹਿਗੁਰੂ, ਸਾਡੇ ਮਾਤਾ-ਪਿਤਾ ਵਾਂਗ ਪੂਰੀ ਤਰ੍ਹਾਂ ਸਾਡੀ ਸਾਰ ਲੈਂਦਾ ਹੈ, ਸਾਨੂੰ ਕੁਝ ਵੀ ਮੰਗਣ ਦੀ ਲੋੜ ਨਹੀਂ ਪੈਂਦੀ।

ਅਸੀਂ ਮਾਇਆ ਦੇ ਮੋਹ ਵਿੱਚ ਫਸੇ ਹੋਏ ਲੋਕ ਸੁਖਮਨੀ ਸਾਹਿਬ ਦੀ ਅਸਲੀ ਸਿੱਖਿਆ ਛਡ ਕੇ, ਘੋਟਾ ਲਾ ਕੇ ਆਪਣੀ ਮਾਇਆਧਾਰੀ ਜ਼ਿੰਦਗੀ ਨੂੰ ਹੀ ਅਸਲੀਅਤ ਸਮਝ ਲੈਂਦੇ ਹਾਂ ਤੇ ਉਮੀਦ ਕਰਦੇ ਹਾਂ ਕਿ ਸਾਡੀਆਂ ਮੰਗਾਂ ਪੂਰੀਆਂ ਹੋਣ। ਭੁਲ ਜਾਂਦੇ ਹਾਂ ਉੱਕਾ ਹੀ ਕਿ:

1. ਜੋ ਛਡ ਜਾਣਾ ਹੈ ਉਸਨੂੰ ਸਦਾ ਰਹਿਣ ਵਾਲਾ ਸਮਝ ਕੇ ਉਸੇ ਨਾਲ ਚਮੁਟਦੇ ਹਾਂ ਤੇ ਉਹੀ ਕੁਝ ਮੰਗਦੇ ਹਾਂ ਜੋ ਰਹਿਣਾ ਨਹੀਂ।

2. ਸੱਚ ਨੂੰ ਝੂਠ, ਤੇ ਝੂਠ ਨੂੰ ਸੱਚ ਸਮਝ ਲੈਂਦੇ ਹਾਂ। ਹੀਰੇ-ਜਵਾਰਾਤ ਛੱਡ ਕੇ ਕਉਡੀਆਂ ਨੂੰ ਵੱਧ ਮਹੱਤਵਪੂਰਨ ਸਮਝਦੇ ਹਾਂ।

3. ਜਿਸਨੇ ਹਮੇਸ਼ਾਂ ਸਾਡਾ ਸਾਥ ਦੇਣਾ ਹੈ ਉਹ ਚੇਤੇ ਨਹੀਂ ਆਉਂਦਾ ਤੇ ਅਸੀਂ ਉਨ੍ਹਾਂ ਚੀਜਾਂ, ਉਨ੍ਹਾਂ ਰਿਸ਼ਤੇਦਾਰਾਂ ਜਾਂ ਉਹਨਾਂ ਹਾਲਤਾਂ ਨਾਲ ਪ੍ਰੀਤ ਪਾਈ ਰੱਖਦੇ ਹਾਂ ਜਿਨ੍ਹਾਂ ਨਹੀਂ ਰਹਿਣਾ।

4. ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋਣ ਕਰਕੇ ਤੇ ਦੁਨੀਆਂ ਵਿੱਚ ਆਪਣੀ ਹੇਰਾਫੇਰੀ ਕਾਮਯਾਬ ਹੋਣ ਕਰਕੇ ਸਮਝਦੇ ਹਾਂ ਕਿ ਪ੍ਰਭੂ ਕੋਲ ਵੀ ਇਸ ਤਰ੍ਹਾਂ ਦਾ ਵਤੀਰਾ ਚਲ ਜਾਏਗਾ, ਸੁੱਚੀ ਤੇ ਸੱਚੀ ਪ੍ਰੀਤ ਤੋਂ ਵਾਂਝੇ ਰਹਿ ਜਾਂਦੇ ਹਾਂ।

5. ਸਾਨੂੰ ਸਮਝਾ ਦਿੱਤਾ ਗਿਆ ਹੈ ਕਿ ਅਸੀਂ ਜਿਹੜੇ ਆਪਣੇ ਪਰਿਵਾਰ ਦੇ ਲੋਕ ਆਮ-ਖਾਸ ਵੇਖਦੇ ਹਾਂ ਉਹਨਾਂ

ਰਹਿਣਾ ਨਹੀਂ ਤੇ ਇਹ ਵੀ ਦੱਸਿਆ ਗਿਆ ਹੈ ਕਿ ਜੇ ਅਸੀਂ ਪ੍ਰਭੂ ਦੀ ਰਜ਼ਾ ਵਿੱਚ ਰਾਜ਼ੀ ਰਹਿ ਕੇ, ਉਹਦੀ ਅਮਾਨਤ ਵਿੱਚੋਂ ਕੁਝ ਵਾਪਸ ਲੈਣ ਤੇ ਰੋਸ ਨਹੀਂ ਕਰਾਂਗੇ ਤੇ ਅਗਿਆਨਤਾ ਚੋਂ ਨਿਕਲ ਕੇ ਚਉਗਣਾ ਉਹਦੀਆਂ ਮਿਹਰਾਂ ਦੇ ਪਾਤਰ ਬਣਾਂਗੇ। ਇਹ ਵੀ ਕਿਹਾ ਗਿਆ ਹੈ ਕਿ ਜੇ ਇਉਂ ਨਹੀਂ ਕਰਾਂਗੇ ਤਾਂ ਪ੍ਰਭੂ ਦਾ ਵਿਸ਼ਵਾਸ਼ ਖੋਹ ਬੈਠਾਂਗੇ।

ਇੱਕ ਹੋਰ standard formula ਹੈ ਜਿਸਨੇ ਸਾਡੀ ਜ਼ਿੰਦਗੀ ਗੁਰਮਤਿ ਰਾਹੀਂ ਸੌਖੀ ਕਰਨੀ ਹੈ, ਉਹ ਹੈ ਵਾਹਿਗੁਰੂ ਤੇ ਭਰੋਸਾ ਤੇ ਉਸਦੀਆਂ ਮਿਹਰਾਂ ਉੱਤੇ ਇਤਬਾਰ। ਮਿਸਾਲ ਦੇ ਤੌਰ ਤੇ ਵੇਖੀਏ, ਕੀ ਅਸੀਂ 'ਸਿੱਖ' ਅਖਵਾਏ ਜਾਣ ਦੇ ਕਾਬਲ ਹਾਂ, ਜੇ ਗੁਰੂ ਹੁਕਮਾਂ ਦੀ ਉਲੰਘਣਾ ਕਰ ਕੇ ਆਪ ਦੁਖੀ ਵੀ ਹੁੰਦੇ ਹਾਂ, ਉਦਾਸ ਵੀ ਤੇ ਫਿਰ ਉਲ੍ਹਾਮੇ ਵੀ ਦੇਂਦੇ ਹਾਂ। ਸਾਡੇ ਲਈ ਸਾਫ ਹੁਕਮ ਹੈ ਕਿ ਜੇ ਅਸੀਂ ਨਾਮ ਦੇ ਬਿਨ੍ਹਾਂ ਕੁਝ ਵੀ ਮੰਗਦੇ ਹਾਂ ਤਾਂ ਉਹ ਦੁੱਖਾਂ ਦਾ ਵੱਡਾ ਦੁੱਖ ਸਾਬਤ ਹੋ ਸਕਦਾ ਹੈ। ਫਿਰ ਦੁੱਖ ਕਿਉਂ ਮੰਗੀਏ ਤੇ ਪਰੇਸ਼ਾਨ ਕਿਉਂ ਹੋਈਏ? ਵੇਖੋ ਗੁਰੂ ਦੇ ਹੁਕਮ -

i. *ਵਿਣੁ ਤੁਧੁ ਹੋਰ ਜਿ ਮੰਗਣਾ*
*ਸਿਰ ਦੁਖਾ ਕੈ ਦੁਖ॥*
*ਦੇਹਿ ਨਾਮੁ ਸੰਤੋਖੀਆ*
*ਉਤਰੈ ਮਨ ਕੀ ਭੁਖ॥*

ਪੰਨਾ 985

ii. *ਮਾਗਨਾ ਮਾਗਨ ਨੀਕਾ*
*ਹਰਿ ਜਸ ਗੁਰ ਤੇ ਮਾਗਨਾ॥*

ਪੰਨਾ 1018

iii. *ਕਿਆ ਮਾਗਉ ਕਿਛੁ ਥਿਰ ਨ ਰਹਾਈ॥*

ਪੰਨਾ 481

iv. *ਨਾਨਕ ਕੀ ਅਰਦਾਸ ਸੁਣੀਜੈ*
*ਕੇਵਲ ਨਾਮ ਰਿਦੇ ਮਹਿ ਦੀਜੈ॥*

ਪੰਨਾ 389

ਕੁਝ ਗੱਲਾਂ ਸਪਸ਼ਟ ਹੋ ਜਾਂਦੀਆਂ ਹਨ। ਮੰਗਣ ਵਾਲੀ ਚੀਜ਼ ਇੱਕੋ ਹੀ ਹੈ ਤੇ ਉਸਦੀ ਮੰਜ਼ੂਰੀ ਗੁਰੂ ਨੇ ਆਪ ਦਿੱਤੀ ਹੈ। ਇਸ ਲਈ ਅਰਦਾਸ ਇੱਕੋ ਨਾਮ ਲਈ ਕਰਨੀ ਬਣਦੀ ਹੈ, ਹੋਰ ਕਿਸੇ ਚੀਜ ਲਈ ਨਹੀਂ। ਹੋਰ ਵੇਖੀਏ ਕਿਉਂ?

1. ਇੱਕ ਤਾਂ ਅਸੀਂ ਆਪਣੇ ਪਿਤਾ-ਪਤੀ ਪ੍ਰਭੂ ਦੀ ਤਾਕਤ ਤੇ ਭਰੋਸਾ ਨਾ ਕਰਦਿਆਂ ਉਸਨੂੰ ਦੱਸਦੇ ਹਾਂ ਕਿ ਇਹ ਕੰਮ ਸਾਡਾ ਉਸ ਆਪ ਕਰਨਾ ਹੈ। ਸਾਨੂੰ ਕੀ ਪਤਾ ਜਿਸ ਕੰਮ ਲਈ ਅਰਦਾਸ ਕਰਦੇ ਹਾਂ ਉਹ ਸਾਨੂੰ ਦੁਖ ਦੇਵੇਗਾ ਜਾਂ ਸੁਖ। ਫਿਰ ਇਹ ਕੀ ਪਤਾ ਕਿ ਵਾਹਿਗੁਰੂ ਆਪ ਅਪਣੀ ਸਾਰ ਵਾਲੀ ਬਿਰਤੀ ਨਾਲ ਸਾਡੀ ਹਰ ਜ਼ਰੂਰਤ ਨੂੰ ਪੂਰਾ ਕਰਨ ਵਿੱਚ ਲਗਾ ਹੋਵੇ ਤਾਂ ਅਸੀਂ ਮੰਗ ਕੇ ਆਪਣਾ ਮੂੰਹ ਕਾਲਾ ਕਿਉਂ ਕਰਵਾਈਏ? ਜਿਵੇਂ ਕੋਈ ਕਵਾਰੀ ਵਿਆਉਣ ਜੋਗ ਬੱਚੀ ਆਪ ਮੂੰਹੋਂ ਕਹਿ ਦੇਵੇ, ਪਿਤਾ ਜੀ ਮੈਂ ਵੱਡੀ ਹੋ ਗਈ ਹਾਂ ਮੇਰਾ ਵਿਆਹ ਕਰੋ। ਭਾਵੇਂ ਪਿਤਾ ਆਪ ਇਸ ਕੰਮ ਲਈ ਸਭ ਕੁਝ ਯਤਨ ਕਰ ਰਹਿਆ ਹੈ ਪਰ ਉਸ ਬੱਚੀ ਦੇ ਕਹਿਣ ਨਾਲ ਉਸਨੂੰ ਬੇਸ਼ਰਮ ਅਕਲਹੀਣ ਹੀ ਕਹੇਗਾ। ਕੀ ਅਸੀਂ ਚਾਹੁੰਦੇ ਹਾਂ ਕਿ ਅਸੀਂ ਸਰਬ ਸ਼ਕਤੀਮਾਨ ਪ੍ਰਭੂ ਪਿਤਾ ਦੀ ਨਜ਼ਰਾਂ ਵਿੱਚ ਨਲਾਇਕ ਲੱਗੀਏ?

2. ਅਸੀਂ ਨਿੱਕੇ ਅਨਜਾਣ ਬੱਚਿਆਂ ਵਾਂਗ ਕੁਝ ਨਹੀਂ ਜਾਣਦੇ ਪਰ ਸਾਡਾ ਪਿਤਾ ਸਮਰਥ ਹੈ ਤੇ ਸਭ ਕੁਝ ਭੂਤ ਭਵਿੱਖ ਜਾਣਦਾ ਹੈ। ਜੇ ਉਸਨੂੰ ਪਤਾ ਹੈ ਕਿ ਕੋਈ ਚੀਜ਼ ਸਾਡੇ ਲਈ ਫਾਇਦੇਮੰਦ ਨਹੀਂ ਤੇ ਉਹ ਨਹੀਂ ਦੇਣਾ ਚਾਹੁੰਦਾ, ਅਸੀਂ ਕਿਉਂ ਮੰਗ ਕੇ ਆਪਣੀ ਕਦਰ ਘਟਾਈਏ। ਨਿੱਕਾ ਬੱਚਾ ਨਹੀਂ ਜਾਣਦਾ ਕਿ ਮਾਚਸ ਦੀ ਤੀਲੀ ਨਾਲ ਖੇਡਣ ਨਾਲ ਅੱਗ ਲਗ ਸਕਦੀ ਹੈ ਤੇ ਮਾਂ ਇਸ ਦੀ ਇਜ਼ਾਜਤ ਉਸ ਨੂੰ ਨਹੀਂ ਦੇਂਦੀ, ਉਸ ਦੇ ਹੱਥੋਂ ਖੋਹ ਲੈਂਦੀ ਹੈ। ਇਸੇ ਤਰ੍ਹਾਂ ਸਾਡਾ ਮਾਤਾ-ਪਿਤਾ ਸਾਨੂੰ ਉਹ ਚੀਜ਼ ਨਹੀਂ ਦੇਂਦਾ ਜਿਸ ਨਾਲ ਦੁਖੀ ਹੋਵਾਂਗੇ।

3. ਇੱਕ ਮਿਸਾਲ ਲਈਏ। ਫਰਜ਼ ਕਰੋ ਮੰਗ-ਮੰਗ ਕੇ ਕਾਰ ਲੈ ਲਈ ਤੇ ਵਾਹਿਗੁਰੂ ਦੇ ਨਾਮ ਵਿੱਚ ਧਿਆਨ ਨਾ ਦੇਂਦਿਆਂ ਆਪਣੀ ਮਨਮਤਿ ਵਿੱਚ ਐਸ਼ ਦਾ ਧਿਆਨ ਰੱਖਿਆ। ਕੀ ਪਤਾ ਇਸ ਕਾਰ ਦੇ ਹਾਦਸੇ ਵਿੱਚ ਸਾਰਾ ਟੱਬਰ ਮਰ ਜਾਏਗਾ ਜਾਂ ਮੰਗ ਮੰਗ ਕੇ ਬੱਚਾ ਲਿਆ ਤੇ ਜੇ ਕਿਤੇ ਅਪੰਗ ਜਾਂ ਨੇਤ੍ਰਹੀਣ ਨਿਕਲ ਆਇਆ ਤਾਂ ਅਸੀਂ ਦੁਖੀ ਹੋਵਾਂਗੇ। ਕਿਉਂ ਨਾ ਪ੍ਰਭੂ ਦੀ ਰਜ਼ਾ ਵਿੱਚ ਰਹਿ ਕੇ ਅਸੀਂ ਕੇਵਲ ਨਾਮ ਮੰਗੀਏ ਜਿਸ ਬਾਰੇ ਗੁਰੂ ਕਹਿੰਦਾ ਹੈ -

i. *ਸਭ ਵਡਿਆਈਆਂ ਹਰਿ ਨਾਮ*
*ਵਿਚ ਹਰਿ ਗੁਰਮਖ ਧਿਆਈਐ॥*

ਪੰਨਾ 850

ii. *ਸਰਬ ਸੁਖ ਹਰਿਨਾਮ ਵਡਾਈ॥*

ਪੰਨਾ 720

iii. *ਪਾਰਜਾਤ ਇਹ ਹਰਿ ਕੋ ਨਾਮ॥*
*ਕਾਮਧੇਨ ਹਰਿ ਹਰਿ ਗੁਣ ਗਾਮ॥*

ਸੁਖਮਨੀ ਸਾਹਿਬ

iv. *ਗੁਰ ਕੇ ਚਰਣ ਉਪਰਿ ਮੇਰੇ ਮਾਥੇ॥*
*ਤਾ ਤੇ ਦੁਖ ਮੇਰੇ ਸਗਲੇ ਲਾਥੇ॥*

ਪੰਨਾ 197

v. *ਅਪਨੇ ਜਨ ਕਾ ਪਰਦਾ ਢਾਕੈ॥*

vi. *ਅਪਨੇ ਸੇਵਕ ਦੀ ਸਰਪਰ ਰਾਖੈ॥*

ਸੁਖਮਨੀ ਸਾਹਿਬ

ਹੁਣ ਇਹ ਵਿਚਾਰ ਕਰਨ ਦੀ ਲੋੜ ਹੈ ਕਿ ਜੇ ਅਸੀਂ ਅਪਣੇ ਪ੍ਰਭੂ ਨੂੰ ਪ੍ਰੇਮਾਭਗਤੀ ਨਾਲ ਰਿਝਾ ਲੈਂਦੇ ਹਾਂ ਤਾਂ ਸਾਫ ਜ਼ਾਹਿਰ ਹੈ ਕਿ ਗੁਰੂ ਨੇ ਨ ਕੇਵਲ ਆਪਣਾ ਬਣਾ ਲੈਣਾ ਸਗੋਂ ਸਭ ਕੁਝ ਸਾਨੂੰ ਆਪਣੇ ਆਪ ਦੇਣਾ ਹੈ। ਅਸੀਂ ਆਪਣੀਆਂ ਦੁਨੀਆਈ ਮੰਗਾਂ ਜਿਨ੍ਹਾਂ ਬਾਰੇ ਦੁਖੀ ਹੋਣ ਦੀ ਸੰਭਾਵਨਾ ਹੈ ਕਿਉਂ ਆਪਣੇ ਲਈ ਦੁਖ ਲੋੜਦੇ ਹਾਂ ਤੇ ਆਪਣੇ ਪਿਤਾ ਵਿੱਚ ਅਵਿਸ਼ਵਾਸ ਦੀ ਭਾਵਨਾ ਲਿਆਉਂਦੇ ਹਾਂ। ਕਿਵੇਂ?

1. ਕੀ ਸਾਨੂੰ ਇਤਬਾਰ ਨਹੀਂ ਕਿ ਬਾਣੀ ਪੂਰੀ ਤਰ੍ਹਾਂ ਸੱਚੀ ਹੈ ਤੇ ਜੋ ਕੁਝ ਗੁਰੂ ਗ੍ਰੰਥ ਸਾਹਿਬ ਵਿੱਚ ਲਿਖਿਆ ਹੈ ਪੱਥਰ ਤੇ ਲਕੀਰ ਹੈ?

2. ਕੀ ਸਾਨੂੰ ਯਕੀਨ ਨਹੀਂ ਕਿ ਸਾਡਾ ਵਾਹਿਗੁਰੂ ਅੰਤਰਜਾਮੀ ਹੈ ਤੇ ਸਾਡੇ ਦਿਲ ਦੀ ਹਰ ਗੱਲ ਜਾਣਦਾ ਹੈ?

3. ਕੀ ਅਸੀਂ ਨਹੀਂ ਮੰਨਦੇ ਕਿ ਪਿਤਾ ਸਭਨਾ ਗੱਲਾਂ ਵਿੱਚ ਸਮਰੱਥ ਹੈ ਤੇ ਸਾਨੂੰ ਕਿਸੇ ਤਰ੍ਹਾਂ ਵੀ ਪਰੇਸ਼ਾਨ ਨਹੀਂ ਹੋਣ ਦੇਵੇਗਾ। ਹਰ ਹਾਲਤ ਵਿੱਚ ਇਹ ਨਹੀਂ ਹੋ ਸਕਦਾ ਕਿ ਉਹ ਇੰਤਜ਼ਾਰ ਕਰੇ ਕਿ ਅਸੀਂ ਮੰਗੀਏ ਤਾਂ ਦੇਵੇ।

ਗੁਰੂ ਅਰਜਨ ਦੇਵ ਜੀ ਕਿਵੇਂ ਯਕੀਨ ਦਿਵਾਂਦੇ ਹਨ। ਪਉੜੀ (ਮਾਰੂ ਡਖਣੇ ਵਾਰ ਮਹਲਾ 5) ਪੰਨਾ 1096

*ਜਾ ਤੂ ਮੇਰੇ ਵਲ ਹੈ ਤਾ ਕਿਆ ਮੁਹਛੰਦਾ॥*
*ਤੁਧ ਸਭ ਕੁਝ ਮੈਨੋ ਸਉਪਿਆ ਜਾ ਤੇਰਾ ਬੰਦਾ॥*
*ਲਖਮੀ ਤੋਟ ਨ ਆਵਈ ਖਾਇ ਖਰਚਿ ਰਹੰਦਾ॥*
*ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ॥*
*ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ॥*
*ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥*
*ਅਨੰਦ ਭਇਆ ਸੁਖੁ ਪਾਇਆ ਮਿਲ ਗੁਰ ਗੋਇੰਦਾ॥*
*ਸਭੇ ਕਾਜ ਸਵਾਰਿਐ ਜਾ ਤੁਧ ਭਾਵੰਦਾ॥*

ਆਉ ਥੋੜੀ ਡੂੰਘੀ ਵੀਚਾਰ ਕਰੀਏ। ਜੇ ਅਸੀਂ ਗੁਰੂ ਦੇ ਸਿੱਖ ਬਣਨ ਨੂੰ ਤਿਆਰ ਹਾਂ ਤੇ ਗੁਰੂ ਅੱਗੇ ਪੂਰੀ ਤਰ੍ਹਾਂ ਢਹਿ ਕੇ ਉਹਦੀ ਗੁਲਾਮੀ ਕਰਨਾ ਲੋਚਦੇ ਹਾਂ ਤਾਂ ਸਾਡੀ ਕੋਈ ਮੰਗ ਰਹਿ ਹੀ ਨਹੀਂ ਜਾਂਦੀ, ਪਰ ਕਮਾਲ ਇਹ ਹੈ ਕਿ ਕੋਈ ਸਾਰੀ ਦੁਨੀਆਂ ਦੀ ਸਲਤਨਤ ਸਾਡੇ ਹਵਾਲੇ ਕਰ ਕੇ ਸਾਨੂੰ ਪੂਰੀ ਤਰ੍ਹਾਂ ਆਜ਼ਾਦ ਕਰ ਦਿੰਦਾ ਹੈ। ਫਿਰ ਕੀ ਇਹ ਸਾਡਾ ਝੱਲ ਨਹੀਂ ਕਿ ਕਰੋੜਾਂ ਦਾ ਮਾਲ ਮਿਲਦਾ ਛੱਡ ਕੇ ਅਸੀਂ ਕਉਡੀਆ ਪਿੱਛੇ ਦੌੜਦੇ ਹਾਂ ਤੇ ਉਹ ਕੁਝ ਮੰਗਦੇ ਹਾਂ ਜਿਸਨੇ ਨਾ ਰਹਿਣਾ ਹੈ, ਨਾ ਸੁਖ ਦੇਣਾ ਹੈ। ਸਾਡੇ ਤੇ ਇਹ ਗੱਲਾਂ ਪੂਰੀ ਤਰ੍ਹਾਂ ਢੁਕਦੀਆਂ ਹਨ -

-ਗੁਰੂ ਨੇ ਨਾਮ ਦਾ ਅਮੋਲਕ ਰਤਨ ਸਾਡੀ ਤਲੀ ਤੇ ਧਰ ਦਿੱਤਾ ਪਰ 'ਭਾਗਹੀਣ ਮਨਮੁਖ ਨਹੀਂ ਲੀਨਾ ਤ੍ਰਿਣ ਓਲੇ ਲਾਖ ਛਪਾਇਆ' ਗੁਰੂ ਅਰਜਨ ਦੇਵ ਜੀ ਦੇਵ ਜੀ ਦੇ ਸ਼ਬਦ ਦੀ ਵਿਚਾਰ ਦੱਸਦੀ ਹੈ ਕਿ -

-ਜਦ ਵਾਹਿਗੁਰੂ ਸਾਡੇ ਵੱਲ ਹੋ ਜਾਏ ਤਾਂ ਸਾਨੂੰ ਕਿਸੇ ਗੱਲ ਦਾ ਘਾਟਾ ਨਹੀਂ ਹੋਵੇਗਾ (ਮੰਗਣ ਦੀ ਜਾਚ ਸਿੱਖੀਏ -ਕੇਵਲ ਨਾਮ ਮੰਗਣ ਦੀ -ਤਾਂ ਜੋ ਅਸੀਂ ਮਾਇਆ ਦੇ ਜ਼ਹਿਰ ਤੋਂ ਵੀ ਬਚ ਜਾਈਏ, ਮੋਹ ਜਾਲ ਚੋਂ ਵੀ ਨਿਕਲ ਜਾਈਏ ਤੇ ਸਾਰੀ ਦੁਨੀਆਂ ਦੇ ਰਾਜੇ ਵੀ ਬਣ ਜਾਈਏ)।

-ਸਤਿਗੁਰੂ ਆਪਣੇ ਆਪ ਹੀ ਸਾਨੂੰ ਸਭ ਕੁਝ ਸਉਂਪਦੇ ਹਨ ਜੇ ਅਸੀਂ ਗੁਲਾਮੀ ਕਰੀਏ, ਮਤਲਬ ਪੂਰੀ ਤਰ੍ਹਾਂ ਗੁਰੂ ਦੇ ਆਖੇ ਲਗੀਏ (ਕੀ ਇਹ ਚੰਗਾ ਨਹੀਂ ਕਿ ਨਾਲੇ ਸਿੱਖੀ ਕਮਾਈਏ, ਨਾਲੇ ਸਾਹਿਬਾਂ ਦੀ ਹਰ ਚੀਜ਼ ਦੇ ਭਾਈਵਾਲ ਬਣੀਏ ਬਜਾਇ ਇਸਦੇ ਕਿ ਮਾਇਆ ਮਮਤਾ ਵਿੱਚ ਦੁਖ ਮੰਗਦੇ ਰਹੀਏ)।

-ਪੈਸੇ ਦੀ ਕਦੇ ਘਾਟ ਨਹੀਂ ਹੋਵੇਗੀ। ਖਾਵਾਂਗੇ, ਖਰਚਾਂਗੇ, ਅਨੰਦ ਮਾਣਾਂਗੇ, ਫਿਰ ਵੀ ਬਚ ਜਾਏਗਾ (ਕੀ ਫਿਰ ਕਉਡੀ ਕਉਡੀ ਮੰਗਣੀ ਠੀਕ ਹੈ)।

-ਸਾਰੀ ਦੁਨੀਆਂ ਸਾਡੀ ਸੇਵਾ ਕਰੇਗੀ ਜੇ ਨਾਮ ਵਿੱਚ ਲੀਨ ਰਹਵਾਂਗੇ (ਮੰਗਤੇ ਫਿਰ ਕਿਉਂ ਬਣੀਏ)

-ਸਾਡੇ ਵੈਰੀ ਵੀ ਮਿਤ੍ਰ ਬਣ ਜਾਣਗੇ, ਸਾਡਾ ਭੈੜਾ ਕੋਈ ਮੰਗੇਗਾ ਹੀ ਨਹੀਂ।

-ਜਦੋਂ ਹਰੀ ਨੇ ਸਾਡੀ ਬਾਂਹ ਫੜ ਲਈ ਤਾਂ ਲੇਖਾ ਵੀ ਕੋਈ ਨਹੀਂ ਮੰਗੇਗਾ।

-ਗੁਰੂ - ਵਾਹਿਗੁਰੂ ਨਾਲ ਰਹਿ ਕੇ ਹਮੇਸ਼ਾ ਅਨੰਦ ਵਿੱਚ ਸੁਖੀ ਰਹਾਂਗੇ।

–ਸਾਰੇ ਕੰਮ ਆਪਣੇ–ਆਪ ਸਵਰ ਜਾਣਗੇ, ਜਦ ਪ੍ਰਭੂ ਨੂੰ ਚੰਗੇ ਲਗਾਂਗੇ।

ਇਨਾਂ ਬਰਕਤਾਂ ਤੋਂ ਇਲਾਵਾ ਹੋਰ ਸਾਨੂੰ ਚਾਹੀਦਾ ਹੀ ਕੀ ਹੈ? ਮੰਗ ਕੇ ਆਪਣੀ ਬੇਅਕਲੀ, ਬੇਇਤਬਾਰੀ ਤੇ ਅਕਿਰਤਘਣਤਾ ਦੱਸਦੇ ਹਾਂ। ਕਿਉਂ ਨਾ ਹਰ ਵੇਲੇ ਸਾਹਿਬਾਂ ਦਾ ਪਿਆਰ, ਨਾਮ ਦਾ ਰੰਗ, ਪ੍ਰੇਮ ਦਾ ਹੜ੍ਹ ਤੇ ਭਗਤੀ ਦਾ ਚਾਅ, ਦਿਨ–ਰਾਤ ਗੁਣ–ਗਾਨ ਲਈ ਤਰਲੇ ਲਈਏ। ਇੱਕ ਤਾਂ ਇਹ ਸਭ ਪ੍ਰਭੂ ਨੂੰ ਚੰਗਾ ਲੱਗਦਾ ਹੈ, ਦੂਜਾ ਅਸੀਂ ਪੂਰੀ ਤਰ੍ਹਾਂ ਅਨੰਦ ਵਿੱਚ ਰਹਿੰਦੇ ਹਾਂ।

ਹੋਰ ਸੁਣੋ ਜੇ ਪੈਸਾ ਮੰਗਦੇ ਹਾਂ ਤਾਂ ਗੁਰੂ ਕਹਿੰਦਾ ਹੈ–

*ਸਰਮ ਧਰਮ ਦੁਇ ਨਾਨਕਾ ਜੇ ਧਨ ਪਲੈ ਪਾਇ॥*
*ਸੋ ਧਨ ਮਿਤ੍ਰ ਨ ਕਾਂਢੀਐ ਜਿਤ ਸਿਰ ਚੋਟਾ ਖਾਇ॥*
*ਜਿਨ ਕੈ ਪਲੈ ਧਨ ਵਸੈ ਤਿਨ ਕਾ ਨਾਉ ਫਕੀਰ॥*
*ਜਿਨ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ॥*

ਪੰਨਾ 1287

(ਮਤਲਬ, ਜੇ ਨਾਮਧਨ ਮਿਲ ਗਿਆ ਤਾਂ ਲਾਜ ਵੀ ਰਹੇਗੀ, ਧਰਮ ਵੀ ਰਹੇਗਾ। ਦੁਨੀਆਂ ਦਾ ਧਨ ਨਾ ਮੰਗੀਏ ਕਿਉਂਕਿ ਇਹ ਮਿੱਤਰ ਨਹੀਂ, ਸਿਰ ਵਿੱਚ ਚੋਟਾਂ ਪਵਾਂਦਾ ਹੈ। ਜਿਨ੍ਹਾਂ ਕੋਲ ਦੁਨੀਆਵੀ ਧਨ ਹੈ ਉਹ ਤਾਂ ਕੰਗਾਲ ਮੰਗਤੇ ਹਨ, ਪਰ ਜਿਨ੍ਹਾਂ ਕੋਲ ਪ੍ਰਭੂ ਹੈ ਉਹ ਗੁਣਾਂ ਦੇ ਖ਼ਜ਼ਾਨੇ ਹਨ)।

ਕੀ ਫਿਰ ਦੁਨੀਆਵੀ ਧਨ ਮੰਗ ਕੇ ਕੰਗਾਲ ਮੰਗਤੇ ਬਣਨਾ ਚਾਹੁੰਦੇ ਹਾਂ ਜਦ ਸਾਹਿਬ ਸਾਨੂੰ ਰਾਜਾ ਬਣਾਂਦੇ ਹਨ?

ਹੁਣ ਵੀਚਾਰ ਕਰੀਏ ਕਿ ਜਦ ਇਤਨੀ ਸਪਸ਼ਟ ਸਿੱਖਿਆ ਹੈ ਨਾਮ ਬਿਨਾ ਕੁਝ ਨਾ ਮੰਗਣ ਦੀ ਤੇ ਨਾਮ ਬਿਨਾ ਸਭ ਕੁਝ ਦੁਖ ਮੰਗਣਾ ਹੈ, ਅਸੀਂ ਫਸ ਕਿਵੇਂ ਗਏ? ਲਗਦਾ ਹੈ –

1. ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਿਆ ਵੀਚਾਰਿਆ ਨਹੀਂ, ਬੁਤ ਵਾਂਗ ਪੂਜਦੇ ਗਏ, ਰੁਮਾਲੇ ਚੜ੍ਹਾਂਦੇ ਰਹੇ ਤੇ ਸਿੱਖਿਆ ਵੱਲ ਧਿਆਨ ਹੀ ਨਹੀਂ ਦਿੱਤਾ।

2. ਭਾਈਆਂ, ਰਾਗੀਆਂ, ਕਥਾਕਾਰਾਂ ਨੇ ਜੋ ਕੁਝ ਸਮਝਿਆ ਤਾਂ ਵੀ ਮਾਇਆ ਦੇ ਗੱਫਿਆਂ ਵਿੱਚ ਫਸੇ ਹੋਣ ਕਰ ਕੇ ਸਾਨੂੰ ਵੀ ਦੁਨੀਆਵੀ ਜ਼ਹਿਰੀਲੀ ਮਾਇਆ ਦੇ ਘੇਰੇ ਵਿੱਚ ਹੀ ਰੱਖਿਆ।

3. ਅਮੀਰਾਂ ਸਰਦਾਰਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕੀਤਾ ਤਾਂ ਵੀ ਘਰੋਂ ਸ਼ਰਾਬ ਨਾ ਨਿਕਲੀ ਤੇ ਭਾਈ ਨੌਕਰ ਰੱਖ ਕੇ ਪ੍ਰਕਾਸ਼/ਸੁਖ ਆਸਨ ਕਰਾਂਦੇ ਰਹੇ, ਪਤਾ ਹੀ ਨਾ ਲੱਗਾ ਕਿ ਗੁਰੂ ਕਹਿੰਦਾ ਕੀ ਹੈ।

4. ਮਾਇਆ ਵਿੱਚ ਖਚਤ ਹੋ ਗਏ ਪਰ ਬਾਹਰਲੀ ਧਾਰਮਕਤਾ ਕਾਇਮ ਰੱਖਣ ਲਈ ਕਰਮਕਾਂਡ ਵਿੱਚ ਫਸ ਕੇ ਦੁਨੀਆਵੀ ਮੰਗਾਂ ਹੀ ਮੰਗਦੇ ਰਹੇ –ਆਤਮਕ ਸੁਖ ਤੇ ਆਤਮਕ ਬਲ ਜਿਹੜਾ ਪ੍ਰੇਮ ਨਾਲ ਮਿਲਣਾ ਸੀ, ਉਹਦਾ ਧਿਆਨ ਹੀ ਨ ਰਹਿਆ।

5. ਕਥਾਕਾਰਾਂ ਨੂੰ ਇਹ ਚੰਗਾ ਲੱਗਾ ਕਿ ਨਾਲੇ ਉਹ ਪੈਸੇ ਕਮਾਂਦੇ ਰਹੇ ਨਾਲੇ ਲੋਕਾਂ ਨੂੰ ਇਹ ਯਕੀਨ ਦਿਵਾਂਦੇ ਰਹੇ ਕਿ ਅਰਦਾਸਾਂ ਕਰ ਕੇ ਮੰਗਦੇ ਰਹੀਏ ਤੇ ਮਾਇਆ ਵਿੱਚ ਫਸੇ ਰਹੀਏ। ਕਹਿਣ ਲੱਗੇ –ਹੋਰ ਕਿਸ ਤੋਂ ਮੰਗਣਾ ਹੈ। ਕਬੀਰ ਜੀ, ਧੰਨਾ ਜੀ ਨੇ ਮੰਗਿਆ, ਭੁਲ ਗਏ ਸਾਰੇ ਕਿ ਪਹਿਲਾਂ ਕਬੀਰ, ਧੰਨਾ ਬਨਣਾ ਹੈ ਤਾਂ ਜੋ ਸਾਡੀ ਯਾਰੀ ਪੈ ਜਾਏ ਪ੍ਰਭੂ ਨਾਲ।

ਇੱਕ ਹੋਰ ਗੱਲ –ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿੱਚ ਇੱਕ ਬੜਾ ਹੀ ਕਮਾਲ ਦਾ ਸਲੋਕ ਹੈ–

*ਅਤਿ ਸੁੰਦਰ ਕੁਲੀਨ ਚਤੁਰ ਮੁਖ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤ ਨਹੀ ਭਗਵੰਤ॥*

ਪੰਨਾ 253

ਕਮਾਲ ਇਹ ਹੈ ਕਿ ਦੁਨੀਆ ਦੀਆਂ ਸਭ ਮਾਇਆ ਮੋਹ ਵਿੱਚ ਫਸੀਆਂ ਮੰਗਾਂ ਦਾ ਜ਼ਿਕਰ ਆਉਂਦਾ ਹੈ, ਪਰ ਫ਼ੈਸਲਾ ਬੜਾ ਸਪਸ਼ਟ ਹੈ। ਮਤਲਬ, ਭਾਵੇਂ ਕੋਈ ਬਹੁਤ ਹੀ ਸੁੰਦਰ ਹੋਵੇ, ਭਾਵੇਂ ਕੋਈ ਵੱਡੀ ਕੁਲ 'ਚੋਂ ਹੋਵੇ, ਕੋਈ ਬੜਾ ਹੀ ਚਲਾਕ ਤੇ ਸਿਆਣਾ ਹੋਵੇ, ਗਿਆਨੀ ਜਾਂ ਵੱਡਾ ਧਨਾਢ ਹੋਵੇ, ਇਨ੍ਹਾਂ ਸਭ ਮਾਇਆਵਾਦੀ ਬਰਕਤਾਂ ਦੇ ਹੁੰਦਿਆਂ ਵੀ ਉਹ ਬੰਦਾ ਲਾਸ਼ ਦੇ ਬਰਾਬਰ ਹੈ ਜੇ ਉਸ ਵਿੱਚ ਪ੍ਰਭੂ ਦਾ ਪਿਆਰ ਨਹੀਂ।

ਕੀ ਇਹ ਸਾਫ ਨਹੀਂ ਕਿ ਸਭ ਤੋਂ ਵੱਡੀ ਮੰਗ, ਸੁਖਦਾਈ ਮੰਗ, ਪ੍ਰੇਮ ਤੇ ਅਨੰਦ ਵਾਲੀ ਮੰਗ, ਚੈਨ ਤੇ ਧਰਮ ਦੀ ਜ਼ਿੰਦਗੀ ਲਈ ਨਾਮ ਤੇ ਕੇਵਲ ਨਾਮ ਹੀ ਸਾਡਾ ਆਧਾਰ ਹੈ। ਨਾਮ ਤੋਂ ਬਿਨਾ ਕਿਸੇ ਚੀਜ਼ ਲਈ ਅਰਦਾਸ ਕਰਨਾ ਨਾ ਕੇਵਲ ਦੁਖ ਮੰਗਣਾ ਹੈ ਬਲਕਿ ਸਿੱਖੀ ਦੇ ਅਸੂਲਾਂ ਨਾਲ ਮਜ਼ਾਕ ਹੈ। ਪੂਰੀ ਤਰ੍ਹਾਂ ਸਮਝਣ ਦੀ ਗੱਲ ਇਹ ਹੈ ਕਿ ਸਾਡਾ ਗੁਰੂ ਤਾਂ ਇਹ ਕਹਿੰਦਾ ਹੈ ਕਿ ਨਾਮ ਤੋਂ ਬਗੈਰ ਕੁੱਝ ਮੰਗਣਾ ਦੁੱਖਾਂ ਦੇ ਵੱਡੇ ਦੁੱਖ ਮੰਗਣਾ ਹੈ। ਜਦ ਤਕ ਅਸੀਂ ਨਾਮ ਤੇ ਮਨ ਨਹੀਂ ਜੋੜਦੇ, ਮਾਇਆ ਵਿੱਚ ਫਸ ਕੇ ਹੋਰ ਹੋਰ ਕਰਮਕਾਂਡੀ ਬਣ ਜਾਵਾਂਗੇ ਤੇ ਭੁੱਲ ਜਾਵਾਂਗੇ ਕਿ ਪ੍ਰਭੂ ਦਾ ਪਿਆਰ ਹੀ ਸਾਡਾ ਆਧਾਰ ਹੈ ਨਾ ਕਿ 'ਦੁਨੀਆਂ ਦੀਆਂ ਚੀਜ਼ਾਂ, ਨਾ ਸਾਕ–ਸੈਨ ਜਾਂ ਵਡਿਆਈਆਂ। ☬

# ਮੇਰੇ ਰਾਮ ਹਉ ਸੋ ਥਾਨ ਭਾਲਣ ਆਇਆ

ਰਮੇਸ਼ ਸਿੰਘ
C-131, Sonari West Jamshedpur - 831 011

ਗੁਰਬਾਣੀ ਵਿੱਚ ਵਾਰ-ਵਾਰ ਸਤਿਸੰਗ ਦੀ ਮਹਿਮਾ ਦਾ ਜ਼ਿਕਰ ਆਉਂਦਾ ਹੈ ਕਿਉਂਕਿ ਸਤਿਸੰਗ ਹੀ ਉਹ ਸਕੂਲ ਹੈ ਜਿੱਥੇ ਸਿੱਖ ਪ੍ਰਭੂ ਦੀ ਪੜ੍ਹਾਈ ਸਿੱਖਦਾ ਹੈ, ਪ੍ਰਭੂ ਨੂੰ ਵਾਕਿਫ ਹੁੰਦਾ ਹੈ, ਉਹ ਪ੍ਰਭੂ ਦੀ ਅੰਸ਼ ਹੈ ਤੇ ਉਸਦੀ ਜ਼ਿੰਦਗੀ ਦਾ ਮਕਸਦ ਪ੍ਰਭੂ ਮਿਲਨ ਹੈ ਦਾ ਗਿਆਨ ਪ੍ਰਾਪਤ ਕਰਦਾ ਹੈ, ਜਿੱਥੇ ਉਸ ਅੰਦਰ ਪ੍ਰਭੂ ਦਾ ਪਹਿਲਾਂ ਭਉ ਤੇ ਫਿਰ ਭਾਉ ਉਪਜਦਾ ਹੈ, ਪ੍ਰਭੂ ਪੂਰਨ ਹੈ ਤੇ ਅਬਿਨਾਸੀ ਹੈ ਤੇ ਹੋਰ ਸਭ ਕੁਝ ਨਾਸ਼ਵੰਤ ਹੈ ਦੀ ਦ੍ਰਿੜਤਾ ਧਾਰਦਾ ਹੈ, ਪ੍ਰਭੂ ਤੇ ਗੁਰੂ ਬਗੈਰ ਉਸਦਾ ਕੋਈ ਸੱਚਾ ਸਾਥੀ ਨਹੀਂ, ਦੀ ਸਚਾਈ ਜਾਣਦਾ ਹੈ; ਅਤੇ ਫਿਰ ਆਪਣੇ ਮਨ ਦੀ ਮੈਲ ਪਹਿਲਾਂ ਧੋਂਦਾ ਹੈ ਤੇ ਉਸ ਤੋਂ ਬਾਅਦ ਗੁਣਾਂ ਦੇ ਸਾਗਰ ਪ੍ਰਭੂ ਦੇ ਗੁਣ ਹਿਰਦੇ ਅੰਦਰ ਤੇ ਜੀਵਨ ਅੰਦਰ ਢਾਲ ਕੇ ਭਉਸਾਗਰ ਨੂੰ ਪਾਰ ਕਰਦਾ, ਆਪਣੇ ਪ੍ਰਭੂ ਪਿਤਾ, ਜਿਸ ਤੋਂ ਵਿਛੜ ਕੇ 84 ਲੱਖ ਜੂਨੀਆਂ ਵਿੱਚ ਭਟਕਿਆ ਸੀ, ਨਾਲ ਜਾ ਮਿਲਦਾ ਹੈ।

ਸਤਿਸੰਗ ਵਿੱਚ ਸਿੱਖ ਦਾ ਸੁੱਤਾ ਹੋਇਆ ਮਨ ਜਾਗ ਪੈਂਦਾ ਹੈ, ਉਸਨੂੰ ਆਪਣੀ ਅਣਹੋਂਦ ਦਾ ਅਹਿਸਾਸ ਹੋਣਾ ਸ਼ੁਰੂ ਹੁੰਦਾ ਹੈ ਜਦੋਂ ਉਹ ਸੁਣਦਾ ਹੈ:

*"ਬਿਨ ਹਰਿ ਕਾਮਿ ਨ ਆਵਤ ਹੇ॥*
*ਜਾ ਸਿਉ ਰਾਚਿ ਮਾਚਿ ਤੁਮ ਲਾਗੇ,*
*ਓਹ ਮੋਹਨੀ ਮੋਹਾਵਤ ਹੇ॥"*

ਪੰਨਾ 821

ਗੁਰੂ ਸਾਹਿਬ ਉਸਨੂੰ ਸਮਝਾਂਦੇ ਹਨ, ਭਾਈ ਜਿਨ੍ਹਾਂ ਦੁਨਿਆਵੀ ਪਦਾਰਥਾਂ, ਕਨਿਕ-ਕਾਮਨੀ, ਸੁਹਣੀ ਸੇਜ, ਸੁਹਣੇ ਮਕਾਨ, ਸੁਹਣੀਆਂ ਕਾਰਾਂ, ਸੋਹਣੇ ਰਿਸ਼ਤੇਦਾਰ, ਚਮਕਦੇ ਪੈਸੇ... ਆਦਿ ਵਿੱਚ ਆਪਣੀਆਂ ਇੰਦ੍ਰੀਆਂ ਦਾ ਪ੍ਰੇਰਿਆ ਤੂੰ ਬੁਰੀ ਤਰ੍ਹਾਂ ਉਲਝ ਗਇਆ ਹੈਂ, ਇਹ ਸਾਰਾ ਕੁਝ ਮਾਯਾ ਜਾਲ ਹੈ, ਇੱਕ ਖਿਨ ਵਿੱਚ ਪਰਾਇਆ ਹੋ ਜਾਵੇਗਾ ਕਿਉਂਕਿ ਤੇਰੀ ਆਪਣੀ existence ਹੀ ਇੱਕ ਦਮੀ ਹੈ। ਤੂੰ ਅਗਿਆਨਤਾ ਦੇ ਹਨੇਰੇ ਵਿੱਚ ਇਹ ਭੁਲ ਗਿਆ ਹੈ ਕਿ ਤੇਰੇ ਅਨਮੋਲ ਸੁਆਸਾਂ ਦੀ ਪੂੰਜੀ ਲੁੱਟੀ ਜਾ ਰਹੀ ਹੈ ਅਤੇ ਐਸੀ ਅਣਗਹਿਲੀ ਕਰ ਰਿਹਾ ਹੈਂ ਜਿਵੇਂ ਕੋਈ ਤਿਨਕਿਆਂ ਦੇ ਮਕਾਨ ਵਿੱਚ ਅੱਗ ਬਾਲ ਕੇ ਆਕੜ ਦੀ ਗੂੜੀ ਨੀਂਦ ਵਿੱਚ ਸੌ ਜਾਵੇ ਤੇ ਉਸਨੂੰ ਪਤਾ ਹੀ ਨਾ ਹੋਵੇ ਕਿ ਇਸਦਾ ਨਤੀਜਾ ਕਿਤਨਾ ਭਿਆਨਕ ਹੋਵੇਗਾ। ਦੁਨੀਆਵੀ ਤੇਰਾ ਸਭ ਕੁਛ -ਪੈਸਾ, ਮਕਾਨ, ਪਰਾਪਰਟੀ, ਸੋਨਾ-ਚਾਂਦੀ, including ਤੂੰ ਆਪ -ਤਿਨਕਿਆਂ, ਕੌਡੀਆਂ ਤੋਂ ਵੱਧ ਕੁਝ ਨਹੀਂ ਸੁ ਆਕੜ ਕਿਸ ਗੱਲ ਦੀ ਕਰਦਾ ਹੈਂ? ਮਾਇਆ ਦੇ ਨਸ਼ੇ ਵਿੱਚ ਮਦਮਸਤ ਹੋ ਕੇ ਆਪਣੇ ਸਿਰਜਨਹਾਰ ਨੂੰ ਹੀ ਭੁਲਾ ਬੈਠਾ ਹੈ, how can you afford to do this? ਵਿਚਾਰ ਕਰ ਕੇ ਵੇਖ, ਪੰਜ ਚੋਰ ਹਰ ਵੇਲੇ ਤੈਨੂੰ ਕੇਸਾਂ ਤੋਂ ਪਕੜ ਕੇ ਧਰੀਕਦੇ ਹਨ, ਨਚਾਂਦੇ ਹਨ ਤੇ ਇਨ੍ਹਾਂ ਦੇ ਇਸ਼ਾਰਿਆਂ ਤੇ ਤੂੰ ਸਾਰੀ ਜਿੰਦਗੀ ਨੱਚਦਾ ਹੈ। ਆਪਣੇ ਉੱਪਰ ਹੀ ਤੇਰਾ ਕੋਈ ਕੰਟਰੋਲ ਨਹੀਂ, ਇਹ ਜਿਵੇਂ ਚਾਹੁੰਦੇ ਹਨ ਤੈਨੂੰ ਭਟਕਾਂਦੇ ਹਨ, ਕੀ ਤੂੰ ਇਸ ਸਰੀਰ ਮਕਾਨ ਦਾ ਮਾਲਿਕ ਨਹੀਂ? ਫਿਰ ਕਬਜ਼ਾ ਕਿਉਂ ਇਨ੍ਹਾਂ ਦੇ ਹਵਾਲੇ ਕੀਤਾ ਹੋਇਆ ਹੈ? ਵੇਖ, ਸਰੀਰ ਕਰ ਕੇ ਭਾਵੇਂ ਤੂੰ ਗੁਰਦੁਆਰੇ ਬੈਠਾ ਹੁੰਦਾ ਹੈਂ, ਪਰ ਮਨ ਤੇਰਾ ਦੁਕਾਨ ਤੇ, ਦੁਨੀਆਵੀ ਧੰਧਿਆਂ ਵਿੱਚ ਭਟਕਦਾ ਹੁੰਦਾ ਹੈ, ਅੱਖਾਂ ਕੁਝ ਹੋਰ ਵੇਖ ਰਹੀਆਂ ਹੁੰਦੀਆਂ ਹਨ, ਰਸਨਾ ਤੇਰੀ ਗੱਲਾਂ ਕਰ ਰਹੀ ਹੁੰਦੀ ਹੈ, ਕੰਨ ਤੇਰੇ ਜੇ ਨਿੰਦਾ ਨਹੀਂ ਸੁਣਦੇ ਤਾਂ ਵਾਜੇ ਦੀ ਸੁਰ-ਤਾਲ ਤੋਂ ਵੱਧ ਕੁਝ ਤੇਰੇ ਅੰਦਰ ਜਾਣ ਨਹੀਂ ਦੇਂਦੇ, ਸੁ ਇਸ ਤਰ੍ਹਾਂ '*ਸਜਣ ਸਚਾ ਪਾਤਸ਼ਾਹ ਸਿਰ ਸਾਹਾਂ ਦੇ ਸਾਹ*', ਜਗਤ ਗੁਰੂ, ਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਵਿੱਚ ਬੈਠਾ ਹੋਇਆ ਵੀ ਤੇਰਾ ਮਨ ਮਾਇਆ ਦੇ ਬੰਧਨਾਂ ਵਿੱਚ ਬਧਾ ਹੋਣ ਕਰਕੇ ਤੇਰੀ ਝੋਲੀ ਵਿੱਚ ਕੁਝ ਪੈਣ ਨਹੀਂ ਦੇਂਦਾ। ਮਾਇਆ ਨੇ ਤੈਨੂੰ ਇਤਨਾ ਅੰਨ੍ਹਾ ਕਰ ਦਿੱਤਾ ਹੈ ਕਿ Ph.D. ਕਰ ਕੇ ਵੀ ਤੂੰ ਹਰ ਵੇਲੇ ਆਕੜ ਦੇ ਟਿੱਬੇ ਤੇ ਚੜ੍ਹਿਆ ਰਹਿੰਦਾ ਹੈਂ, ਗ੍ਰਹਿਣ ਨਹੀਂ ਕਰ ਪਾਂਦਾ ਗੁਰ ਉਪਦੇਸ਼ :

1. *ਕਬੀਰ ਸਭ ਤੇ ਹਮ ਬੁਰੇ*
   *ਹਮ ਤਜਿ ਭਲੋ ਸਭੁ ਕੋਇ॥...*

   ਪੰਨਾ 1364

2. *ਹੋਹੁ ਸਭਨਾ ਕੀ ਰੇਣੁਕਾ*
   *ਤਉ ਆਉ ਹਮਾਰੈ ਪਾਸਿ॥...*

   ਪੰਨਾ 1102

3. *ਮਿਠਤੁ ਨੀਵੀ ਨਾਨਕਾ*
   *ਗੁਣ ਚੰਗਿਆਈਆ ਤਤੁ॥...*

   ਪੰਨਾ 470

4. *ਫਰੀਦਾ ਬੁਰੇ ਦਾ ਭਲਾ ਕਰਿ*

*ਗੁਸਾ ਮਨਿ ਨ ਹਢਾਇ॥...*

ਪੰਨਾ 1382

5. *ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ॥...*

ਪੰਨਾ 1372

6. *ਮਨ ਤੂੰ ਮਤ ਮਾਣੁ ਕਰਹਿ ਜਿ*
*ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ॥...*

ਪੰਨਾ 441

ਅੰਮ੍ਰਿਤ ਛਕ ਕੇ ਵੀ ਤੂੰ ਆਪਣੀ ਜਾਤ-ਪਾਤ ਨਹੀਂ ਛੱਡਦਾ, ਆਪਣੇ ਅਖੌਤੀ ਵਡੇ ਕੁੱਲ ਦੀ ਆਕੜ ਕਰਦਾ ਹੈਂ। ਸਮਝਦਾ ਨਹੀਂ ਕਿ ਪ੍ਰਭੂ ਨੂੰ ਪਾਉਣ ਲਈ ਮਲਕ ਭਾਗੋ ਨਹੀਂ, ਲਾਲੋ ਬਨਣਾ ਪੈਂਦਾ ਹੈ। ਗੁਰਦੁਆਰੇ ਅੰਦਰ ਵੀ ਤੂੰ ਗਰੀਬ ਨੂੰ ਇਨਸਾਨ ਨਹੀਂ ਸਮਝਦਾ, ਸੁਜਾਖਾ ਹੋ ਕੇ ਵੀ ਅਗਿਆਨਤਾ ਨੇ ਤੈਨੂੰ ਐਸਾ ਅੰਨ੍ਹਾ ਕਰ ਦਿੱਤਾ ਹੈ ਕਿ ਤੂੰ ਸੋਚਦਾ ਹੀ ਨਹੀਂ ਕਿ ਗੁਰੂ ਕੀ ਕਹਿੰਦਾ ਹੈ :

*ਨੀਚਾ ਅੰਦਰਿ ਨੀਚ ਜਾਤਿ*
*ਨੀਚੀ ਹੂ ਅਤਿ ਨੀਚੁ॥*
*ਨਾਨਕ ਤਿਨ ਕੈ ਸੰਗਿ ਸਾਥਿ*
*ਵਡਿਆ ਸਿਉ ਕਿਆ ਰੀਸ॥*

ਪੰਨਾ 15

ਨਾਮ ਨੂੰ ਵਿਸਾਰ ਕੇ ਤੂੰ ਦੁਨੀਆਵੀ ਰਸ ਭੋਗਦਾ ਹੈਂ, ਫੇਰ ਸ਼ਿਕਾਇਤ ਕਰਦਾ ਹੈ ਕਿ ਮੈਂ ਦੁੱਖੀ ਕਿਉਂ ਹਾਂ, ਮੈਂ ਤਾਂ ਕਦੇ ਕਿਸੇ ਦਾ ਬੁਰਾ ਨਹੀਂ ਕੀਤਾ, ਮੈਂ ਤਾਂ ਦਾਨ ਪੁੰਨ ਵੀ ਕਰਦਾ ਹਾਂ, ਲੰਗਰ ਵੀ ਕਰਵਾਂਦਾ ਹਾਂ, ਰੋਜ਼ ਗੁਰਦੁਆਰੇ ਵੀ ਜਾਂਦਾ ਹਾਂ, ਤੀਰਥਾਂ ਤੇ ਵੀ ਜਾਂਦਾ ਹਾਂ, ਕੀਰਤਨ ਦਰਬਾਰ ਵੀ ਕਰਾਂਦਾ ਹਾਂ, ਲੈਕਚਰ ਵੀ ਕਰਦਾ ਹਾਂ, ਕੀਰਤਨ ਕਰਨਾ ਆਉਂਦਾ ਹੈ। ਵੇਖ, ਤੂੰ ਸਭ ਕਿਛੁ ਕਰਦਾ ਹੋਇਆ ਵੀ ਉਹ ਨਹੀਂ ਕਰਦਾ ਜੋ ਗੁਰੂ ਨੂੰ ਭਾਉਂਦਾ ਹੈ। ਤੂੰ ਕਦੇ ਆਪਣੇ ਮਨ ਦੀ ਖੋਜ ਨਹੀਂ ਕਰਦਾ, ਆਪਣੇ ਗਿਰੇਬਾਨ ਅੰਦਰ ਝਾਤੀ ਮਾਰ ਕੇ ਨਹੀਂ ਵੇਖਦਾ, ਬਸ ਰੂਟੀਨ, ਕਰਮਕਾਂਡ ਹੀ ਕਰੀ ਜਾਂਦਾ ਹੈ (ਤੇ ਧਰਮੀ ਹੋਣ ਦੇ ਭੁਲੇਖੇ ਵਿੱਚ ਰਹਿੰਦਾ ਹੈ), ਇਸੇ ਲਈ ਤੂੰ ਦੁੱਖੀ ਹੈ। ਗੁਰ ਉਪਦੇਸ਼ ਦੀ ਵੀਚਾਰ ਕਰ, ਤੇ ਆਪਣੇ ਰੋਗ ਨੂੰ ਪਛਾਣ ਲੈ :

1. *ਨਾਮੁ ਬਿਸਾਰਿ ਕਰੇ ਰਸ ਭੋਗ॥*
*ਸੁਖੁ ਸੁਪਨੈ ਨਹੀਂ ਤਨ ਮਹਿ ਰੋਗ॥...*

ਪੰਨਾ 240

(ਕਿਤੇ ਐਸਾ ਤਾਂ ਨਹੀਂ ਕਿ ਤੂੰ ਦਾਤਾਰ ਨੂੰ ਵਿਸਾਰ ਕੇ ਉਸਦੀਆਂ ਦਾਤਾਂ ਮਾਣ ਰਿਹਾ ਹੈ, ਇਸੇ ਲਈ ਤੂੰ ਰੋਗੀ ਹੈਂ ਤੇ ਸੁਪਨੇ ਵਿੱਚ ਵੀ ਤੈਨੂੰ ਸੁਖ ਦਾ ਸਾਹ ਨਸੀਬ ਨਹੀਂ)

2. *ਸੀਸਿ ਨਿਵਾਇਐ ਕਿਆ ਥੀਐ*
*ਜਾ ਰਿਦੈ ਕੁਸੁਧੇ ਜਾਹਿ॥...*

ਪੰਨਾ 470

(ਕਿਤੇ ਐਸਾ ਤਾਂ ਨਹੀਂ ਕਿ ਰੋਜ਼ ਗੁਰਦੁਆਰੇ ਮਥਾ ਟੇਕ ਕੇ ਵੀ ਤੂੰ ਅਜੇ ਅਪਣਾ ਮਨ ਗੁਰੂ ਨੂੰ ਅਰਪਣ ਨਹੀਂ ਕੀਤਾ ਤੇ ਫਸਿਆ ਹੋਇਆ ਹੈਂ ਵਿਸ਼ਯ ਵਿਕਾਰਾਂ ਵਿੱਚ)

3. *ਜੀਉ ਪਿੰਡੁ ਸਭੁ ਤਿਸ ਦਾ*
*ਦੇ ਖਾਜੈ ਆਖਿ ਗਵਾਈਐ॥...*

ਪੰਨਾ 465

(ਕਿਤੇ ਐਸਾ ਤਾਂ ਨਹੀਂ ਕਿ ਤੂੰ ਲੰਗਰ ਕਰਾ ਕੇ, ਕੜਾਹ-ਪ੍ਰਸ਼ਾਦ ਚੜ੍ਹਾ ਕੇ, ਆਪਣੇ ਨਾਂ ਦੀਆਂ ਅਰਦਾਸਾਂ ਕਰਾਂਦਾ ਹੈਂ, ਇਹ ਭੁੱਲ ਗਿਆ ਕਿ ਵੰਡ ਕੇ ਤਾਂ ਛਕਣਾ ਹੈ ਪਰ ਜੇ ਮੈਂ ਇਹ ਜਤਾਇਆ ਤਾਂ ਗੁਰੂ ਕਿਰਪਾ ਗੁਆ ਲਵਾਂਗਾ)

4. *ਜੇ ਲੋੜਹਿ ਚੰਗਾ ਆਪਣਾ*
*ਕਰਿ ਪੁੰਨਹੁ ਨੀਚੁ ਸਦਾਈਐ॥...*

ਪੰਨਾ 465

(ਕਿਤੇ ਐਸਾ ਤਾਂ ਨਹੀਂ ਕਿ ਦਾਨ-ਪੁੰਨ ਕਰ ਕੇ ਤੂੰ ਦਾਨ ਲੈਣ ਵਾਲੇ ਨੂੰ ਆਪਣੇ ਤੋਂ ਨੀਵਾਂ ਸਮਝਦਾ ਹੋਵੇਂ, ਯਾਦ ਰੱਖੀਂ ਦਾਨ accept ਕਰਕੇ ਉਸ ਤੈਨੂੰ ਦਾਨੀ ਬਣਾਇਆ ਹੈ ਸੁ ਉਹ ਤੇਰੇ ਕੋਲੋਂ ਉੱਚਾ ਹੋਇਆ, ਨੀਵਾਂ ਨਹੀਂ)

5. *ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ*
*ਨਹੀ ਹਰਿ ਹਰਿ ਭੀਜੈ ਰਾਮ ਰਾਜੈ॥...*

ਪੰਨਾ 450

(ਕਿਤੇ ਐਸਾ ਤਾਂ ਨਹੀਂ ਕਿ ਗੁਰੂ ਸ਼ਬਦ ਗ੍ਰਹਿਣ ਕਰਨ ਦੀ ਬਜਾਇ ਤੂੰ ਬਹੁਤਾ ਲਮਕਾ ਕੇ ਪੜ੍ਹਨ ਵਿੱਚ ਜਾਂ ਬਹੁਤੀਆਂ ਤਰਜ਼ਾਂ ਕੱਢਣ (ਰਾਗ ਆਪਣੇ ਆਪ ਵਿੱਚ ਕੁਝ ਨਹੀਂ ਜੇ ਅੰਦਰ ਭਾਵਨਾ ਨਹੀਂ) ਵਿੱਚ ਹੀ ਉਲਝ ਕੇ ਰਹਿ ਗਿਆ ਹੈ, ਇਸ ਨਾਲ ਪ੍ਰਭੂ ਦੀ ਖੁਸ਼ੀ ਪ੍ਰਾਪਤ ਨਹੀਂ ਹੋਣੀ।

6. *ਐਸੇ ਲੋਗਨ ਸਿਉ ਕਿਆ ਕਹੀਐ॥*
*ਹਰਿਜਸੁ ਸੁਨਹਿ ਨ ਹਰਿ ਗੁਨ ਗਾਵਹਿ॥*
*ਬਾਤਨ ਹੀ ਆਸਮਾਨੁ ਗਿਰਾਵਹਿ॥...*

ਪੰਨਾ 332

(ਕਿਤੇ ਐਸਾ ਤਾਂ ਨਹੀਂ ਕਿ ਗੁਰੂ ਸ਼ਬਦ ਦੀ ਕਮਾਈ

ਕਰਨ ਦੀ ਥਾਂ ਤੂੰ ਕੇਵਲ ਦੂਜਿਆਂ ਦੀ ਨਿੰਦਾ ਵਿੱਚ ਹੀ ਲਗਾ ਰਹਿੰਦਾ ਹੈਂ।)

7. *ਫਰੀਦਾ ਜੇ ਤੂ ਅਕਲਿ ਲਤੀਫੁ*
*ਕਾਲੇ ਲਿਖੁ ਨ ਲੇਖ॥...*

ਪੰਨਾ 1378

(ਕਿਤੇ ਐਸਾ ਤਾਂ ਨਹੀਂ ਕਿ ਤੂੰ ਸਾਰੀ ਜ਼ਿੰਦਗੀ ਦੂਜਿਆਂ ਦੇ ਹੀ ਦੋਸ਼ ਵੇਖਦਾ ਰਿਹਾ ਤੇ ਕਦੇ ਆਪਣੇ ਅੰਦਰ ਝਾਤੀ ਮਾਰ ਕੇ ਆਪਣੇ ਅਉਗਣਾਂ ਤੇ ਨਜ਼ਰ ਨਹੀਂ ਮਾਰੀ)

8. *ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ॥...*

ਪੰਨਾ 684

(ਕਿਤੇ ਐਸਾ ਤਾਂ ਨਹੀਂ ਕਿ ਤੂੰ ਆਪਣੇ ਅੰਦਰ ਦੀ ਖੋਜ ਕਦੇ ਨਹੀਂ ਕੀਤੀ, ਇਸੇ ਲਈ ਤੇਰੀ ਭਰਮਾਂ ਦੀ ਮੈਲ ਨਹੀਂ ਲਹਿੰਦੀ ਤੇ ਤੂੰ ਸਾਰੀ ਜ਼ਿੰਦਗੀ -ਮਾਇਆ ਦੀ ਚਮਕ ਦੇ ਭੁਲੇਖੇ ਕਿ ਮੇਰੇ ਕੋਲ ਤਾਂ ਇਤਨਾ ਕੁਝ ਹੈ -ਗੁਆ ਦਿੱਤੀ)

9. *ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥*
*ਅਨਪਾਵਨੀ ਭਗਤ ਨਹੀ ਉਪਜੀ*
*ਭੂਖੈ ਦਾਨੁ ਨ ਦੀਨਾ॥...*

ਪੰਨਾ 1253

(ਕਿਤੇ ਐਸਾ ਤਾਂ ਨਹੀਂ ਕਿ ਤੂੰ ਕਰਮਕਾਂਡ ਕਰਦਾ ਰਹਿ ਗਿਆ ਤੇ ਤੇਰੇ ਅੰਦਰ ਭਗਤੀ ਦਾ ਚਾਅ -*ਹਰਿ ਭਗਤਿ ਹਰਿ ਦਾ ਪਿਆਰ ਹੈ.../ਪੰਨਾ 28* -ਪੈਦਾ ਹੀ ਨਹੀਂ ਹੋਇਆ)

10. *ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥*
*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥...*

ਪੰਨਾ 687

(ਕਿਤੇ ਐਸਾ ਤਾਂ ਨਹੀਂ ਕਿ ਤੂੰ ਬਾਹਰਲੇ ਤੀਰਥਾਂ ਤੇ ਇਸ਼ਨਾਨ ਕਰ-ਕਰ ਕੇ, ਇਸੇ ਹੰਕਾਰ ਦੀ ਹੋਰ ਮੈਲ ਚੜ੍ਹਾਈ ਜਾ ਰਿਹਾ ਹੈਂ ਤੇ ਭੁੱਲ ਗਿਆ ਕਿ ਅਸਲੀ ਤੀਰਥ ਤਾਂ ਮਨ ਦਾ ਇਸ਼ਨਾਨ ਹੈ- ਸ਼ਬਦ ਵੀਚਾਰ ਦੁਆਰਾ ਗੁਰ ਉਪਦੇਸ਼ ਨਾਲ ਮਨ ਦੀ ਮੈਲ ਨੂੰ ਧੋਣਾ।)

11. *ਇਤੁ ਮਾਰਗਿ ਚਲੇ ਭਾਈਅੜੇ,*
*ਗੁਰੁ ਕਹੈ ਸੁ ਕਾਰ ਕਮਾਇ ਜੀਉ॥*
*ਤਿਆਗੇ ਮਨ ਕੀ ਮਤੜੀ*
*ਵਿਸਾਰੇ ਦੂਜਾ ਭਾਉ ਜੀਉ॥...*

ਪੰਨਾ 763

(ਕਿਤੇ ਐਸਾ ਤਾਂ ਨਹੀਂ ਕਿ ਤੂੰ ਅਜੇ ਤੱਕ ਆਪਣੀ ਮਤਿ ਨਹੀਂ ਛੱਡੀ ਤੇ ਦੂਜੇ ਪਿਆਰ ਵਿੱਚ ਫਸਿਆ ਹੋਇਆ ਹੈਂ। ਯਾਦ ਰੱਖੀਂ, ਗੁਰੂ ਸ਼ਬਦ ਦੀ ਕਮਾਈ ਕੀਤੇ ਬਗੈਰ ਤੇ ਪ੍ਰਭੂ ਨੂੰ priority No. 1 ਬਣਾਏ ਬਗੈਰ, ਪ੍ਰਭੂ ਮਾਰਗ ਦਾ ਪਾਂਧੀ ਨਹੀਂ ਬਣਿਆ ਜਾ ਸਕਦਾ।)

12. *ਸਾਚੁ ਨਾਮੁ ਆਧਾਰੁ ਮੇਰਾ*
*ਜਿਨਿ ਭੁਖਾ ਸਭਿ ਗਵਾਈਆ॥*
*ਕਰਿ ਸਾਂਤਿ ਸੁਖ ਮਨਿ ਆਇ ਵਸਿਆ*
*ਜਿਨਿ ਇਛਾ ਸਭਿ ਪੁਜਾਈਆ॥...*

ਪੰਨਾ 917

(ਕਿਤੇ ਐਸਾ ਤਾਂ ਨਹੀਂ ਤੂੰ ਸਾਰੀ ਜਿੰਦਗੀ ਕੇਵਲ ਏਹੀ ਰਟਨ ਹੀ ਕਰਦਾ ਰਿਹਾ ਕਿ ਪ੍ਰਭੂ ਦਾ ਸੱਚਾ ਨਾਮ ਹੀ ਤੇਰੀ ਜ਼ਿੰਦਗੀ ਦਾ ਆਧਾਰ ਹੈ ਪਰ ਅਸਲੀਅਤ ਵਿੱਚ ਤੇਰੀ ਸਾਰੀ ਜ਼ਿੰਦਗੀ ਮਾਇਆ ਤੇ ਅਧਾਰਿਤ ਰਹੀ। ਇਸੇ ਕਾਰਣ ਤੇਰੇ ਜੀਵਨ ਵਿੱਚ ਨਾ ਸੁਖ ਹੈ, ਨਾ ਸ਼ਾਂਤੀ ਹੈ ਤੇਰੇ ਅੰਦਰ, ਤੇ ਨਾ ਹੀ ਤੇਰੀਆਂ ਇਛਾਵਾਂ ਪੂਰੀਆਂ ਹੋਈਆਂ ਹਨ, ਹਰ ਵੇਲੇ ਤੂੰ ਤ੍ਰਿਸ਼ਨਾ ਦੀ ਅੱਗ ਵਿੱਚ ਜਲ ਰਿਹਾ ਹੈਂ।)

ਸਤਿਸੰਗ ਵਿੱਚ ਸਿੱਖ ਜਦ ਵਾਰ-ਵਾਰ ਇਸ ਤਰ੍ਹਾਂ ਗੁਰ ਉਪਦੇਸ਼ ਸੁਣਦਾ ਹੈ, ਉਸਦੇ ਮਨ ਨੂੰ ਹਲੂਣਾ ਲਗਦਾ ਹੈ, ਉਹ ਜਾਗਦਾ ਹੈ ਤੇ ਆਪਾ ਖੋਜਣ ਤੇ ਮਜਬੂਰ ਹੁੰਦਾ ਹੈ। ਉਸਨੂੰ ਆਪਣੇ ਅਉਗਣਾਂ ਦਾ, ਅਪਣੀ ਨਲਾਇਕੀ ਦਾ ਅਹਿਸਾਸ ਹੁੰਦਾ ਹੈ, ਪਤਾ ਲਗਦਾ ਹੈ ਕਿ ਮੈਂ ਕੁਝ ਨਹੀਂ, ਮੇਰੀ ਕੋਈ ਵੁਕਤ ਨਹੀਂ, ਮੈਂ ਤਾਂ ਮਾਟੀ ਦਾ ਪੁਤਰਾ ਹਾਂ, ਡੋਰ ਪ੍ਰਭੂ ਦੇ ਹੱਥ ਹੈ। ਪ੍ਰਭੂ ਦੀ ਵਡਿਆਈ ਸੁਣ-ਸੁਣ ਕੇ, ਅਤੇ ਆਪਣੇ ਤਮਾਮ ਅਉਗਣਾਂ ਦੇ ਬਾਵਜੂਦ ਉਸ ਤੋਂ ਪ੍ਰਾਪਤ ਹੋ ਰਹੀ ਬਿਅੰਤ ਕਿਰਪਾ ਤੇ, ਉਸ ਅੰਦਰ ਪ੍ਰਭੂ ਲਈ ਪਿਆਰ ਉਪਜਦਾ ਹੈ। ਡਰ ਲਗਦਾ ਹੈ ਕਿ ਮੇਰੇ ਕੋਲੋਂ ਗੁਰੂ ਹੁਕਮਾਂ ਦੀ ਕੋਈ ਅਵਗਿਆ ਨਾ ਹੋਵੇ, ਮਨ ਵਿੱਚ ਚਾਉ ਤੇ ਚਿੰਤਾਂ (ਪ੍ਰਭੂ ਮਿਲਨ ਦੀ) ਪੈਦਾ ਹੁੰਦੇ ਹਨ, ਜੀਅ ਕਰਦਾ ਹੈ ਕਿ ਜਨਮ ਬਸ ਹੁਣ ਉਸ ਦੇ ਹੀ ਲੇਖੇ ਲੱਗੇ। ਗੁਰੂ ਦੇ ਉਪਦੇਸ਼ ਹਰ ਵੇਲੇ ਮਨ ਅੰਦਰ ਘੁੰਮਦੇ ਹਨ :

1. *ਸਾਧ ਸੰਗ ਮਨ ਸੋਵਤ ਜਾਗੇ॥*
2. *ਸਭਿ ਅਵਗਣ ਮੈ ਗੁਣੁ ਨਹੀ ਕੋਈ॥*
*ਕਿਉਕਰਿ ਕੰਤ ਮਿਲਾਵਾ ਹੋਈ॥...*

ਪੰਨਾ 750

3. *ਪ੍ਰਭ ਡੋਰੀ ਹਾਥਿ ਤੁਮਾਰੇ॥...*

ਪੰਨਾ 626

4. *ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ,*
*ਪ੍ਰਭੁ ਪੇਖਨ ਦਾ ਚਾਉ॥...*

ਪੰਨਾ 405

5. *ਤੁਮ ਦਾਤੇ ਠਾਕੁਰ ਪ੍ਰਤਿਪਾਲਕ*
*ਨਾਇਕ ਖਸਮ ਹਮਾਰੇ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ॥...*

ਪੰਨਾ 674

6. *ਹਰਿ ਜੀ ਮਾਤਾ ਹਰਿ ਜੀ ਪਿਤਾ*
*ਹਰਿ ਜੀਉ ਪ੍ਰਤਿਪਾਲਕ॥*

ਪੰਨਾ 1101

7. *ਚਿੰਤ ਭਵਨਿ ਮਨੁ ਪਰਿਓ ਹਮਾਰਾ॥*
*ਨਾਮ ਬਿਨਾ ਕੈਸੇ ਉਤਰਸਿ ਪਾਰਾ॥...*

ਪੰਨਾ 478

8. *ਲੇਖੈ ਕਤਹਿ ਨ ਛੂਟੀਐ, ਖਿਨੁ ਖਿਨੁ ਭੂਲਨਹਾਰ॥*
*ਬਖਸਨਹਾਰ ਬਖਸਿ ਲੈ, ਨਾਨਕ ਪਾਰਿ ਉਤਾਰ॥...*

ਪੰਨਾ 261

9. *ਖਤਿਅਹੁ ਜੰਮੇ, ਖਤੇ ਕਰ*
*ਨਿਤ ਖਤਿਆ ਵਿਚਿ ਪਾਹਿ॥...*

ਪੰਨਾ 149

10. *ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮਾਰੇ ਲੇਖੇ॥...*

ਪੰਨਾ 694

ਇਸ ਤਰ੍ਹਾਂ ਅਦ੍ਰਿਸ਼ਟ, ਅਗੋਚਰ, ਅਲਖ, ਅਪਾਰ, ਅਛੇਦ, ਅਭੇਦ, ਆਦਿ ਅਨੀਲ ਅਨਾਦਿ ਅਨਾਹਤਿ ਜੁਗ ਜੁਗ ਏਕੋ ਵੇਸਿ ਪ੍ਰਭੂ ਦੀ ਮਹਿਮਾ ਸਤਿਸੰਗ ਵਿੱਚ ਸੁਣ-ਸੁਣ ਕੇ ਅਤੇ ਉਸ ਨੂੰ ਮਿਲਨ ਦੀ ਅਪਣੀ ਅਸਮਰਥਤਾ ਤੇ ਲਾਚਾਰੀ ਵੇਖ, ਸਿੱਖ ਗੁਰੂ ਕੋਲੋਂ ਪ੍ਰਭੂ ਅੱਗੇ ਜੋਦੜੀਆਂ ਕਰਨਾ ਸਿੱਖਦਾ ਹੈ -ਪ੍ਰਭੂ ਜੀਉ, ਮੈਂ ਭੀਖਕ ਭੇਖਾਰੀ ਆਪ ਦੇ ਦਰ ਤੇ ਖੜਾ ਹਾਂ, ਮੇਰੇ ਅਵਗੁਣ ਨਾ ਬੀਚਾਰੋ, ਮੇਰੇ ਦੋਖ ਨਾ ਚਿਤਾਰੋ, ਮੇਰੇ ਗੁਨਾਹਾਂ ਤੇ ਪਾਪਾਂ ਦਾ ਕੋਈ ਅੰਤ ਨਹੀਂ, ਜੇ ਲੇਖਾ ਕਰੋਗੇ ਤਾਂ ਕਦੇ ਵੀ ਛੁਟਕਾਰਾ ਨਹੀਂ ਹੋ ਸਕੇਗਾ ਮੇਰਾ, ਬਸ ਆਪਣੇ ਪਤਿਤ ਪਾਵਨ ਹੋਣ ਦਾ ਬਿਰਦ ਪਾਲੋ, ਮੋਹਿ ਗਰੀਬ ਨੂੰ ਆਪਣੇ ਨਾਲ ਰਲਾ ਲਵੋ, ਮੇਰੀ ਝੋਲੀ ਵਿੱਚ ਬੰਦਗੀ ਦੀ ਖੈਰ ਪਾਉ, ਮੇਰੇ ਗਲੇ ਵਿੱਚ ਬੰਦਗੀ ਦਾ ਤੋਖ ਪਾਉ, ਆਪਣਾ ਕੂਕਰ ਬਣਾ ਲਵੋ, ਮੈਨੂੰ ਨਾਮ ਦੀਆਂ ਦਾਤਾਂ ਬਖਸ਼ ਕਰ ਕੇ ਨਿਹਾਲ ਕਰ ਦਿਉ। ਆਪਨੇ ਜੋ ਕੀਤਾ ਹੈ ਸੁ ਵਾਹ-ਵਾਹ, ਜੋ ਕਰ ਰਹੇ ਹੋ ਸੁ ਵਾਹ-ਵਾਹ, ਜੋ ਕਰੋਗੇ ਉਹ ਵੀ ਵਾਹ-ਵਾਹ, ਆਪ ਜੋ ਕਰੋ ਉਸਨੂੰ ਖਿੜੇ ਮੱਥੇ ਪਰਵਾਨ ਕਰਾਂ, ਸੁੱਖ ਮਿਲੇ, ਦੁੱਖ ਮਿਲੇ ਝੋਲੀਆਂ ਭਰ ਲਵਾਂ ਕਦੇ ਸ਼ਿਕਾਇਤ ਨਾ ਕਰਾਂ, ਐਸੀ ਕਿਰਪਾ ਤੇ ਬਖਸ਼ਿਸ਼ ਕਰਨੀ। ਸਿਵਾਇ ਆਪ ਦੇ ਨਾਮ ਦੇ ਮੈਨੂੰ ਕੁਝ ਨਹੀਂ ਚਾਹੀਦੀ, ਆਪਨੂੰ ਜਿਵੇਂ ਭਾਵੇਂ ਤਿਵੇਂ ਮੈਨੂੰ ਰੱਖੋ, in any case, ਮੈਂ ਤਾਂ ਆਪਦਾ ਖਾਨਦਾਨੀ ਗੁਲਾਮ ਹਾਂ -ਮੇਰੀ ਮਾਂ ਵੀ ਆਪਦੀ ਗੁਲਾਮ ਸੀ ਤੇ ਮੇਰਾ ਪਿਉ ਵੀ, ਅਸੀਂ ਆਪਦੇ ਇਸ਼ਾਰਿਆਂ ਤੇ ਨੱਚਦੇ ਹਾਂ ਤੇ ਆਪਦੀ ਗੁਲਾਮੀ ਕਰ ਕੇ ਫਖਰ ਮਹਿਸੂਸ ਕਰਦੇ ਹਾਂ। ਪ੍ਰਭੂ ਜੀਉ, ਜੋ ਵੀ ਭੁਲ-ਚੁੱਕ ਹੋ ਗਈ ਹੈ ਬਖਸ਼ ਦਿਉ, ਆਖਿਰ ਆਪ ਦੇ ਬੱਚੇ ਹਾਂ, ਸਾਨੂੰ ਨਾਮ ਦਾ ਰੰਗ ਬਖਸ਼ੋ, ਸਤਿਸੰਗ ਦਾ ਸੰਗ ਬਖਸ਼ੋ, ਪੰਜਾਂ ਚੋਰਾਂ ਤੋਂ ਬਚਾਉ, ਸਾਕਤਾਂ ਦੀ ਸੰਗਤ ਤੋਂ ਬਚਾਓ, ਸਾਡੇ ਸਿਰ ਤੇ ਮਿਹਰ ਭਰਿਆ ਹੱਥ ਰੱਖੋ, ਸਾਨੂੰ ਪ੍ਰੇਮਾ ਭਗਤੀ ਦੀ ਦਾਤ ਬਖਸ਼ੋ, ਜਿੱਥੇ ਵੀ ਰੱਖੋ ਆਪਣੇ ਚਰਣਾਂ ਨਾਲ ਜੋੜ ਕੇ ਰੱਖੋ। ਸੁਆਸ-ਸੁਆਸ ਆਪਦਾ ਹੀ ਨਾਮ ਜਪੀਏ, ਹਰ ਪਲ ਆਪਦੀ ਹਜ਼ੂਰੀ ਵਿੱਚ ਬੀਤੇ, ਸਾਰੀ ਦੁਨੀਆਂ ਨਾਲ ਪਿਆਰ ਕਰ ਸਕੀਏ, ਸਾਰਿਆਂ ਵਿੱਚ ਆਪ ਦੀ ਜੋਤ ਵੇਖੀਏ, ਜੋ ਵੀ ਪੜ੍ਹਦੇ-ਸੁਣਦੇ ਹਾਂ ਸਾਡੀ ਜ਼ਿੰਦਗੀ ਵਿੱਚੋਂ ਅਮਲੀ ਰੂਪ ਵਿੱਚ ਪਰਗਟ ਹੋਵੇ। ਇਸ ਤਰ੍ਹਾਂ ਸਿਮਰਨ-ਸੇਵਾ ਕਰਦਿਆਂ ਅਤੇ ਆਪਣੇ ਬਜ਼ੁਰਗਾਂ ਦੇ ਨਕਸ਼ੇ-ਕਦਮ ਤੇ ਚਲਦਿਆਂ ਜਦੋਂ ਅੰਤਮ ਵੇਲਾ ਆਵੇ ਤਾਂ ਸੱਚ ਲਈ ਸ਼ਹੀਦ ਹੋ ਜਾਵਾਂ, ਐਸੀ ਮਿਹਰ ਤੇ ਐਸੀ ਕਿਰਪਾ ਕਰਨੀ। ਆਪਦੇ ਨਾਮ ਦੇ ਆਸਰੇ ਚੜ੍ਹਦੀ ਕਲਾ ਵਿੱਚ ਜੀਵਾਂ, ਬਗੈਰ ਕਿਸੇ ਨੂੰ ਡਰਾਏ ਜਾਂ ਕਿਸੇ ਤੋਂ ਡਰੇ, ਤੇ ਸਰਬੱਤ ਦਾ ਭਲਾ ਮੰਗਦਾ ਹਾਂ। ਸਾਰਿਆਂ ਦੀ ਝੋਲੀ ਨਾਮ ਨਾਲ ਭਰ ਦਿਉ, ਸਾਰੇ ਸੁਖੀ ਹੋਵਣ, ਸਾਰੇ ਬੇਗਮਪੁਰਾ ਦੇ ਵਾਸੀ ਬਣ ਸਕਣ, ਇਹ ਅਰਦਾਸ ਤੇ ਜੋਦੜੀ ਹੈ।

ਐਵੇਂ ਤਾਂ ਨਹੀਂ ਗੁਰੂ ਸਾਹਿਬ ਨੇ ਸਤਿਸੰਗ ਦੀ ਮਹਿਮਾ ਬਖਾਨ ਕਰਦਿਆਂ ਕਿਹਾ ਸੀ:

1. *ਮਹਿਮਾ ਸਾਧੂਸੰਗ ਕੀ,*
*ਸੁਨਹੁ ਮੇਰੇ ਮੀਤਾ॥*
*ਮੈਲੁ ਖੋਈ ਕੋਟਿ ਅਘ ਹਰੇ,*
*ਨਿਰਮਲ ਭਏ ਚੀਤਾ।...*

ਪੰਨਾ 809

2. *ਜਬ ਤੇ ਦਰਸਨ ਭੇਟੇ ਸਾਧੂ,*
*ਭਲੇ ਦਿਨਸ ਓਇ ਆਏ॥*

ਮਹਾ ਅਨੰਦੁ ਸਦਾ ਕਰਿ ਕੀਰਤਨੁ
ਪੁਰਖ ਬਿਧਾਤਾ ਪਾਏ॥...

ਪੰਨਾ 671

3. ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ
ਜਿਤੁ ਤੁਮਰੈ ਦੁਆਰੈ ਆਇਆ॥
ਨਾਨਕ ਕਉ ਪ੍ਰਭ ਭਏ ਕ੍ਰਿਪਾਲਾ
ਸਤਿਗੁਰੁ ਪੂਰਾ ਪਾਇਆ॥...

ਪੰਨਾ 749

4. ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥..

ਪੰਨਾ 167

5. ਸੰਤ ਜਨਾ ਮਿਲਿ ਹਰਿ ਜਸੁ ਗਾਇਓ॥
ਕੋਟਿ ਜਨਮ ਕੇ ਦੂਖ ਗਵਾਇਓ॥
ਜੋ ਚਾਹਤ ਸੋਈ ਮਨਿ ਪਾਇਓ॥
ਕਰਿ ਕਿਰਪਾ ਹਰਿਨਾਮੁ ਦਿਵਾਇਓ॥
ਸਰਬ ਸੂਖ ਹਰਿਨਾਮਿ ਵਡਾਈ॥
ਗੁਰਪ੍ਰਸਾਦਿ ਨਾਨਕ ਮਤਿ ਪਾਈ॥...

ਪੰਨਾ 720

6. ਹਉ ਮਨੁ ਤਨੁ ਖੋਜੀ ਭਾਲਿ ਭਾਲਾਈ॥
ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਸਾਈ॥
ਮਿਲਿ ਸਤਿਸੰਗਤਿ ਖੋਜ ਦਸਾਈ,
ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥...

ਪੰਨਾ 94

7. ਗੁਰ ਪੂਰੈ ਮੇਰੀ ਰਾਖ ਲਈ॥
ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ,
ਜਨਮ ਜਨਮ ਕੀ ਮੈਲੁ ਗਈ॥...

ਪੰਨਾ 823

8. ਹਰਿਜਨ ਸੰਤ ਮਿਲਹੁ ਮੇਰੇ ਭਾਈ॥
ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ॥
ਮਿਲਿ ਸਤਸੰਗਿ ਬੋਲੀ ਹਰਿ ਬਾਣੀ॥
ਹਰਿ ਹਰਿ ਕਥਾ ਮੇਰੈ ਮਨਿ ਭਾਣੀ॥...

ਪੰਨਾ 95

9. ਰਾਮ ਮੋਕਉ ਹਰਿਜਨ ਕਾਰੈ ਲਾਈਐ॥
ਹਉ ਪਾਣੀ ਪਖਾ ਪੀਸਉ ਸੰਤ ਆਗੈ
ਪਗ ਮਲਿ ਮਲਿ ਧੂਰਿ ਮੁਖਿ ਲਾਈਐ...

ਪੰਨਾ 881

10. ਰਾਮ ਮੋਕਉ ਹਰਿਜਨ ਮੇਲਿ ਮਨਿ ਭਾਵੈ॥
ਅਮਿਉ ਅਮਿਉ ਹਰਿ ਰਸੁ ਹੈ ਮੀਠਾ,
ਮਿਲਿ ਸੰਤ ਜਨਾ ਮੁਖਿ ਪਾਵੈ॥...

ਪੰਨਾ 881

11. ਮੇਰੇ ਰਾਮ ਹਉ ਸੁ ਥਾਨੁ ਭਾਲਣ ਆਇਆ॥
ਖੋਜਤ ਖੋਜਤ ਭਇਆ ਸਾਧ ਸੰਗੁ
ਤਿਨੁ ਸਰਣਾਈ ਪਾਇਆ॥...

ਪੰਨਾ 747

ਸਤਿਸੰਗ ਹੀ ਉਹ ਅਸਥਾਨ ਹੈ ਜਿੱਥੇ ਹਰ ਵੇਲੇ ਪ੍ਰਭੂ ਦੀ ਯਾਦ ਬਣੀ ਰਹਿੰਦੀ ਹੈ ਤੇ ਸਿੱਖ ਪ੍ਰਭੂ ਦਾ ਨਾਮ ਜਪ-ਜਪ ਕੇ ਨਿਰਮਲ ਹੁੰਦਾ ਹੈ। ਪ੍ਰਭੂ ਦੇ ਗੀਤ ਗਾ-ਗਾ ਕੇ ਸਿੱਖ ਪ੍ਰਭੂਮਯ ਹੋ ਜਾਂਦਾ ਹੈ ਤੇ ਉਸਦੀ ਜ਼ਿੰਦਗੀ ਵਿੱਚ ਸੁੱਖ, ਅਨੰਦ, ਸਹਿਜ ਆ ਜਾਂਦੇ ਹਨ, ਨਾਮ ਵਿੱਚ ਲੀਨ ਹੋਣ ਕਰ ਕੇ, ਅਤੇ ਉਹ ਆਪਣੀ ਜ਼ਿੰਦਗੀ ਦੀ ਬਾਜੀ ਜਿੱਤ ਕੇ ਜਾਂਦਾ ਹੈ।

ਪ੍ਰਭੂ ਕਿਰਪਾ ਕਰਨ ਅਸੀਂ ਹਰ ਵੇਲੇ ਸਤਿਸੰਗ ਦੇ ਦਾਇਰੇ ਵਿੱਚ ਰਹੀਏ ਜਿਸ ਨਾਲ ਸਾਡਾ ਲੋਕ ਤੇ ਪਰਲੋਕ ਦੋਵੇਂ ਸੁਹੇਲੇ ਹੋ ਜਾਣ।


Communication Centre
Formal Restaurants
Exhibition Rooms
Accommodation
Tours & Travels
Informal Eating
Conferencing
Floral Shop
Seminars

THE AROMA
Sector: 22 - C, Chandigarh,
Ph.: 700045-48 Fax : 0172-700051
E-mail : hotelaroma@glide.net.in
Website : www.hotelaroma.com
Metres and metres of endless possibilities

Premium Event Centre
Millennium Centre
Deliberations
Abhinandan
Exporama
Mind Set
Phulkari
Art Craft

# ਆਨੰਦ ਕਾਰਜ

ਕਰਤਾਰ ਸਿੰਘ ਨੀਲਧਾਰੀ
162 ਏ, ਗਰੇਨ ਮਾਰਕੀਟ, ਚੰਡੀਗੜ੍ਹ 160 026

ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਵਿੱਚੋਂ ਧੰਨਵਾਦ ਸਹਿਤ ਪੇਸ਼ ਕੀਤਾ ਸੋਹਿੰਦਰ ਸਿੰਘ ਬਣਜਾਰਾ ਬੇਦੀ ਦਾ ਲੇਖ ਇਤਿਹਾਸ ਸਿੱਖੀ ਰਵਾਇਤ ਅਤੇ ਹਕੀਕਤ ਤੋਂ ਦੂਰ ਕੇਵਲ ਜਜ਼ਬਾਤੀ ਵੇਗਾਂ ਦੀ ਪ੍ਰਗਟਾਈ ਨਾਲ ਭਰਿਆ ਸੰਵਾਦ ਹੈ। ਸਿੱਖਾਂ ਨੂੰ ਮਨੋਵਿਗਿਆਨਿਕ ਰੂਪ ਵਿੱਚ ਇਤਿਹਾਸ ਦਾ ਡਰ ਸਮਾਇਆ ਹੈ ਕਿ ਹਿੰਦੂ ਧਰਮ ਸਾਨੂੰ ਬੁੱਧ ਤੇ ਜੈਨ ਮੱਤ ਵਾਂਗ ਨਿਗਲ ਜਾਏਗਾ। ਵਾਸਤਵ ਵਿੱਚ ਸਿੱਖ ਬੁੱਧੀ ਜੀਵੀ ਵਰਗ ਹੀ ਇਹ ਰਾਉਲਾ ਪਾ ਰਿਹਾ ਹੈ ਅਤੇ ਕਰਨੀ ਵਿੱਚੋਂ ਬਹੁਤ ਸੱਖਣਾ ਵੀ ਇਹੋ ਵਰਗ ਹੈ। ਪੈਂਟ ਕੋਟ ਟਾਈ ਨਾਲ ਸਜੇ ਤੇ ਅੰਗਰੇਜ਼ੀ ਲਿਖਾਰੀਆਂ ਦੇ ਅਧਕਚਰੇ ਵਿਚਾਰਾਂ ਦੇ ਸੰਦਰਭ ਦੇਕੇ ਇਨ੍ਹਾਂ ਦੇ ਸਿਰਜੇ ਲੇਖ ਕਥਨੀ ਦਾ ਵੀ ਕੱਚਾ ਚਿੱਠਾ ਸਿੱਧ ਹੋ ਰਹੇ ਹਨ। ਸੈਮਟਿਕ ਪਿਛੋਕੜ ਨਾਲ ਜੇਕਰ ਕਿਸੇ ਈਸਾਈ ਜਾਂ ਮੁਸਲਮਾਨ ਨੂੰ ਯਹੂਦੀ ਨਹੀਂ ਕਿਹਾ ਜਾ ਸਕਦਾ ਉਸੇ ਤਰ੍ਹਾਂ ਹਿੰਦੂ ਫਲਸਫੇ ਦੇ ਪਿਛੋਕੜ ਨਾਲ ਸਿੱਖਾਂ ਨੂੰ ਹਿੰਦੂ ਵੀ ਨਹੀਂ ਕਿਹਾ ਸਕਦਾ। ਅਸੀਂ ਇਸ ਪਿਛੋਕੜ ਨੂੰ ਛੱਡਣ ਦੀ ਕੋਸ਼ਿਸ਼ ਕਰਕੇ ਗੁਰਬਾਣੀ ਦੇ ਮਿਥਿਹਾਸਿਕ ਸੰਦਰਭਾਂ ਨੂੰ ਕਿਸ ਨਜ਼ਰੀਏ ਨਾਲ ਸਵੀਕਾਰ ਕਰਾਂਗੇ? ਇਹ ਗੰਭੀਰ ਵਿਸ਼ਾ ਹੈ ਅਤੇ ਵਰਤਮਾਨ ਨੂੰ ਗੁਰਮਤਿ ਸਰੂਪ ਵਿੱਚ ਢਾਲਣ ਲਈ ਪਿਛੋਕੜੀ ਫਲਸਫੇ ਦੀ ਪਿਛੋਕੜੀ ਤੋੜਨ ਦੀ ਕੋਸ਼ਿਸ਼ ਸਿੱਧਾਂਤਿਕ ਨਹੀਂ ਕਹੀ ਜਾ ਸਕਦੀ। ਇਸੇ ਮਾਨਸਿਕਤਾ ਨਾਲ ਬੀਬੀ ਭਾਨੀ ਦੇ ਵਿਆਹ ਦਾ ਸਾਲ, ਸਮਾਂ ਵੀ ਵਿਸਾਰ ਦਿੰਦੇ ਹਾਂ ਕਿ ਉਸ ਸਮੇਂ ਤੱਕ ਆਨੰਦ ਸਾਹਿਬ ਦੀ ਬਾਣੀ ਰਚੀ ਹੋਣ ਦਾ ਪ੍ਰਮਾਣਿਤ ਹੋਣਾ ਅਸੰਭਵ ਹੈ। ਬੀਬੀ ਭਾਨੀ ਦਾ ਆਨੰਦ ਸਤਿਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਜਾਂ ਮੰਜ਼ੂਰੀ ਨਾਲ ਹੋਇਆ ਸੀ, ਜੇਕਰ ਤੀਸਰੇ ਗੁਰੂ ਕਾਲ ਵਿੱਚ ਵੀ ਹੋਇਆ ਹੋਵੇ ਤਾਂ ਵੀ ਆਨੰਦ ਸਾਹਿਬ ਦੀ ਬਾਣੀ ਦੀ ਗੰਭੀਰਤਾ ਉਸ ਸਮੇਂ ਆਨੰਦ ਵਿਆਹ ਸਬਬ ਨਹੀਂ ਸੀ ਬਣ ਸਕਦੀ। ਇਸੇ ਤਰ੍ਹਾਂ ਤੀਸਰੇ ਗੁਰੂ ਜੀ ਦੇ ਸਮੇਂ ਚੌਥੇ ਗੁਰੂ ਜੀ ਦਾ ਬਾਣੀ (ਲਾਵਾਂ) ਉਚਾਰਣਾ ਪ੍ਰਮਾਣਤ ਨਹੀਂ ਕੀਤਾ ਜਾ ਸਕਦਾ। ਹਿੰਦੂਆਂ ਵਿੱਚ ਸੱਤ ਲਾਵਾਂ (ਸਪਤਪਦੀ) ਦੀ ਰੀਤ ਚਲੀ ਆ ਰਹੀ ਹੈ। ਚਾਰ ਲਾਵਾਂ ਵਿੱਚ ਜੀਵਾਤਮਾ-ਪਰਮਾਤਮਾ ਦੀ ਸਾਂਝ ਨੂੰ ਚਾਰ ਕਦਮਾਂ ਵਿੱਚ ਪੇਸ਼ ਕਰਕੇ ਸਮੁੰਦਰਾਂ ਦੇ ਗਿਆਨ ਨੂੰ ਕੁੱਜੀ ਵਿੱਚ ਸਮੇਟਿਆ ਗਿਆ ਹੈ। ਇਸ ਸੰਦਰਭ ਵਿੱਚ ਜੇਕਰ ਬੀਬੀ ਵੀਰੋ ਦੀ ਸ਼ਾਦੀ ਕਿਸੇ ਨਵੀਂ ਗੁਰਮਤਿ ਰੀਤ ਨਾਲ ਹੋਈ ਹੁੰਦੀ ਤਾਂ ਇਹ ਰੀਤ ਦਸਵੇ ' ਜਾਮੇ ਤੱਕ ਇੱਕ ਨਿਸ਼ਚਿਤ ਮਰਯਾਦਾ ਬਣ ਜਾਣੀ ਸੀ। ਆਨੰਦ ਸਾਹਿਬ ਦੀ ਬਾਣੀ ਸਤ-ਚਿੱਤ-ਆਨੰਦ ਦੇ ਅੰਸ਼ ਜੀਵਾਤਮਾ ਨੂੰ ਸਤਿਗੁਰੂ ਰਾਹੀਂ ਉਸ ਅਨੰਦ ਪ੍ਰਾਪਤੀ ਦਾ ਮਾਰਗ ਦੱਸਣ ਵਾਲੀ ਗੰਭੀਰ ਦਾਰਸ਼ਨਿਕ ਬਾਣੀ ਹੈ ਤੇ ਇਸੇ ਨਜ਼ਰੀਏ ਲਾਲ ਖੰਡੇ ਪਾਹੁਲ ਦੀ ਪੰਜ ਬਾਣੀਆਂ ਵਿੱਚ ਸ਼ਾਮਲ ਕੀਤੀ ਗਈ ਹੈ। ਛੇ ਪਉੜੀਆਂ ਦਾ ਸਦੀਵੀ ਗਾਇਨ ਵੀ ਆਨੰਦ ਅਵਸਥਾ ਦੇ ਪ੍ਰਗਟਾਵੇ ਲਈ ਮਿਥਿਆ ਗਿਆ ਹੈ। ਤਹਾਂ ਬੈਕੁੰਠ ਜਹਾਂ ਕੀਰਤਨ ਤੇਰਾ, ਤੇ ਕੀਰਤਨ ਦਾ ਭੋਗ ਆਨੰਦ ਦਰਸ਼ਨ ਦਾ ਉਚੇ ਚਾ ਪ੍ਰਗਟਾਵਾ ਹੈ।

ਹਿੰਦੂ ਧਰਮ ਦਾ ਨੰਦੀ ਬੈਲ ਬੁੱਧਮਤ ਤੇ ਜੈਨਮਤ ਦੇ ਪਾਲਤੂ ਜੀਵਾਂ ਨੂੰ ਡਰਾ ਸਕਦਾ ਹੈ ਪਰ ਸਿੱਖ ਧਰਮ ਸ਼ੇਰਾਂ ਸਿੰਘਾਂ ਦਾ ਅਖਾੜਾ ਹੈ ਇਸ ਨੂੰ ਮੇਸ਼ ਬਿਰਤੀ ਕੋਲੋਂ ਡਰਨ ਦੀ ਲੋੜ ਨਹੀਂ ਅਤੇ ਨਾਹੀ ਡਰਕੇ ਯਥਾਰਥਹੀਨ ਸੰਦਰਭ ਘੜਨੇ ਚਾਹੀਦੇ ਹਨ। ਸੈਮਟਿਕ ਪਿਛੋਕੜ ਨਾਲ ਕਿਸੇ ਈਸਾਈ ਜਾਂ ਮੁਸਲਮਾਨ ਨੂੰ ਯਹੂਦੀ ਕਹਿਣਾ ਗਾਲ੍ਹ ਹੈ ਤਾਂ ਸਿੱਖਾਂ ਨੂੰ ਹਿੰਦੂ ਕਹਿਣਾ ਵੀ ਬੈਲ ਬੁੱਧੀ ਦਾ ਪਰੀਚਾਇਕ ਹੈ। ਦਸ਼ਮੇਸ਼ ਗੁਰੂ ਜੀ ਅਰਜ ਕਰਦੇ ਹਨ- ਦੁਹੂੰ ਪੰਥ ਮੈਂ ਕਪਟ ਬਿਦਿਆ ਚਲਾਨੀ, ਬਹੁੜ ਤੀਸਰ ਪੰਥ ਕੀਜੈ ਪਰਧਾਨੀ। ਹਜਰਤ ਈਸਾ ਜੀ ਦਾ ਯਹੂਦੀ ਜੁਗਤ ਨਾਲ ਬਪਤਿਸਮਾ ਹੋਇਆ ਤੇ ਖਤਨਾ ਵੀ ਹੋਇਆ ਸੀ ਪਰ ਨਵੀਂ ਧਰਮ ਕਰਾਂਤੀ ਕਾਰਨ ਯਹੂਦੀਆਂ ਸਲੀਬ ਤੇ ਚੜ੍ਹਾਏ ਗਏ। ਸਿੱਖਾਂ ਦਾ ਇਤਿਹਾਸ ਤਾਂ ਕੁਰਬਾਨੀਆਂ ਨਾਲ ਭਰਿਆ ਪਿਆ ਹੈ ਅਤੇ ਨੌਵੇਂ ਗੁਰੂ ਜੀ ਦੀ ਸ਼ਹੀਦੀ ਤਿਲਕ ਸੰਜੂ ਦੀ ਰੱਖਿਆ ਲਈ ਹੋਈ ਸੀ, ਉਸ ਸ਼ਰਨ ਪਾਲ ਗੁਰੂ ਦੇ ਕ੍ਰਿਤਗਿਆ ਵੀ ਕਿੰਨੇ ਕੁ ਹਿੰਦੂ ਹਨ? ਇਹ ਗੰਭੀਰ ਵਿਸ਼ਾ ਹੈ।

ਬਾਬਾ ਦਿਆਲ ਨਿਰੰਕਾਰੀ ਨੇ ਕਿਹੜੀ ਆਨੰਦ ਕਾਰਜ ਰੀਤ ਚਲਾਈ ਉਸ ਦਾ ਸਪਸ਼ਟੀਕਰਣ ਕਿਸੇ ਪੁਸਤਕ ਵਿੱਚੋਂ ਅੱਜ ਤੱਕ ਨਹੀਂ ਲੱਗਾ। ਸੰਨ 1857 ਵੈਸਾਖੀ ਨੂੰ ਸਿਰਜੇ ਗਏ ਸੰਤ ਖਾਲਸਾ (ਨਾਮਧਾਰੀ ਪੰਥ) ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਨੇ ਖੋਟੇ ਪਿੰਡ 1980 ਜ਼ਿਲ੍ਹਾ ਫਿਰੋਜ਼ਪੁਰ ਵਿੱਚ 4 ਜੂਨ 1863 ਵਾਲੇ ਦਿਨ ਅਗਨੀ ਦੁਆਲੇ ਗੁਰਬਾਣੀ ਪਾਠ (ਜਪੁ, ਨਾਮੁ, ਅਕਾਲ ਉਸਤਿਤ, ਚੰਡੀ ਚਰਿਤ੍ਰ ਦੂਜਾ, ਚੰਡੀ ਦੀ ਵਾਰ, ਚੌਪਈ ਸਾਹਿਬ

ਤੇ ਉਗ੍ਰਚੰਡੀ) ਕਰਕੇ ਹਵਨ ਕਰਕੇ ਛੇ ਜੋੜਿਆ ਦੇ ਸਤਿਗੁਰੂ ਰਾਮਦਾਸ ਜੀ ਦੀ ਚਾਰ ਲਾਵਾਂ ਦੇ ਪਾਠ ਅਤੇ ਗਾਇਨ ਜੁਗਤਿ ਨਾਲ ਆਨੰਦ ਕਾਰਜ ਕਰਾਕੇ ਇਹ ਕਰਾਂਤੀ ਕੀਤੀ ਸੀ। ਆਨੰਦ ਕਾਰਜ ਤੋਂ ਪਹਿਲਾਂ ਛੇ ਜੋੜਿਆਂ ਨੂੰ ਖੰਡੇ ਪਾਹੁਲ ਛਕਾਇਆ ਗਿਆ ਸੀ। ਇਨ੍ਹਾਂ ਆਨੰਦ ਕਾਰਜਾਂ ਨਾਲ ਏਨਾਂ ਵਾਵੇਲਾ ਉੱਠਿਆ ਸੀ ਕਿ ਸ਼ਾਤੀ ਭੰਗ ਹੋਣ ਦੇ ਖਤਰੇ ਦੇ ਨਾਮ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਬਾਘਾਪੁਰਾਨਾ ਥਾਣੇ ਤੋਂ ਥਾਣਿਓਂ-ਥਾਣੀ ਭੈਣੀ ਸਾਹਿਬ ਪੁਚਾਇਆ ਗਿਆ ਤੇ ਇੱਕ ਮਹੀਨਾ ਲੁਧਿਆਣੇ ਪੇਸ਼ੀਆਂ ਲਗ਼ਦੀਆਂ ਰਹੀਆਂ ਸਨ। ਮਗਰੋਂ ਭੈਣੀ ਸਾਹਿਬ ਰਹਿਣ ਦੀ ਨਜ਼ਰ ਬੰਦੀ ਲਗਾਈ ਗਈ ਜੋ ਪੌਣੇ ਚਾਰ ਸਾਲ (ਜੁਲਾਈ 1863 ਤੋਂ ਮਾਰਚ 1867) ਆਇਦ ਰਹੀ। ਜੇਕਰ ਆਨੰਦ ਕਾਰਜ ਦੀ ਰੀਤ ਕਿਸੇ ਸ਼ਕਲ ਵਿੱਚ ਕਾਇਮ ਰਹੀ ਹੁੰਦੀ ਤਾਂ ਐਨੀ ਸ਼ਖਤ ਸਜਾ ਨਹੀਂ ਸੀ ਮਿਲਣੀ। 1908 ਵਿੱਚ ਆਨੰਦ ਵਿਆਹ ਐਕਟ ਲਈ ਟਿੱਕਾ ਰਿਪੁਦਮਨ ਸਿੰਘ ਨੇ ਭੈਣੀ ਸਾਹਿਬ ਤੋਂ ਮਹਾਰਾਜ ਪ੍ਰਤਾਪ ਸਿੰਘ ਕੋਲੋਂ ਪ੍ਰਮਾਣਪਤ੍ਰ ਲਿਆ ਸੀ ਕਿ ਨਾਮਧਾਰੀ ਪਿਛਲੇ 45 ਸਾਲ ਤੋਂ ਆਨੰਦ ਕਾਰਜ ਰੀਤ ਨਾਲ ਸ਼ਾਦੀਆਂ ਕਰ ਰਹੇ ਹਨ। ਸਿੰਘ ਸਭਾ ਦੇ ਵਰਕੇ ਤਾਂ ਨਾਮਧਾਰੀ ਪੰਥ ਦੀ ਮੁਖਾਲਫਤ ਵਾਸਤੇ ਸਿਰਜੇ ਗਏ ਸਨ ਜੋ ਗੁਰੂ ਗ੍ਰੰਥ ਸਾਹਿਬ ਦੇ ਫੇਰੇ ਸ਼ੁਰੂ ਕਰਾ ਦਿੱਤੇ ਗਏ, ਜਿੱਥੇ ਉਹ ਸਵਾਲ ਹਮੇਸ਼ਾ ਉੱਠਦਾ ਰਹਿੰਦਾ ਹੈ ਕਿ ਫੇਰਿਆਂ ਸਮੇਂ ਗ੍ਰੰਥੀ ਬੈਠਾ ਰਹੇ ਜਾਂ ਉਠਾ ਦਿੱਤਾ ਜਾਵੇ। ☬

## HOW TO BECOME GOOD SPEAKER

COMPILED BY : B.S. RATHOUR

1. Control your information : Be sure of your facts. If this means research and analysis, then do it. Above all, you want your audience to perceive you as knowledgeable about your subject.
2. Release your nervous energy : Let it work for, not against, you. Everyone is nervous before making presentation. If properly channeled, nervousness can actually help you become a more effective presenter.
3. Forget planned gestures : Free, Natural body movements result when you concentrate on your message and on the persons to whom you're talking. Concentration unblocks nervous energy so it can flow through you to your audience.
4. Remember that you have something important to say : Say it with a sense of commitment. You would not have been asked to make a presentation unless someone thought you had a valuable contribution to make.
5. Be enthusiastic : No presenter was ever criticized for being too exciting. Your enthusiasm will lend conviction to your message.
6. Make eye contact with individuals in the audience : At least five seconds per person. The old idea of speaking to "the back of the room" or letting you eyes sweep over the audience, from side to side, is now taboo.
7. Stand with feet about twelve inches apart : arms at your sides, so they come in to play easily to emphasize what you're saying.
8. Use visuals whenever possible : More knowledge is gained and returned through seeing than hearing. You visuals don't need to be elaborate or even professionally done. Your own matchstick drawing will frequently suffice, particularly before small, in-company meeting.
9. Rehearse your presentation : if you don't have video playback facilities, then talk into a mirror or to your spouse or assistant. Listen to their reactions. Correct your mistakes.
10. Control the inevitable Q & A Period by rephrasing each question from your audience before you answer it. And if you don't know the answer, say so and offer to get it later for the questioner. Don't let a hostile, talky member of your audience take over your presentation.

(Courtesy : CISF Samachar Sandhesh)

*With best compliments from a wellwisher*

# ਆਓ ਤਬਲਾ ਸਿੱਖੀਏ

ਗੁਰਜੰਤ ਸਿੰਘ ਰਾਹੀ
ਬੀ-367, ਸੇਖੂਪੁਰਾ ਸੁਨਾਮੀ ਗੇਟ, ਸੰਗਰੂਰ 148 001 (ਪੰਜਾਬ)

ਪਿਛਲੇ ਭਾਗ ਵਿੱਚ ਤੁਹਾਨੂੰ ਇੱਕ ਕਾਇਦਾ ਪਲਟਿਆਂ ਸਹਿਤ (ਧਾਧਾ ਤਿਟ ਧਾਧਾ ਤੂਨਾ) ਕਰਵਾਇਆ ਸੀ ਜੋ ਤੁਹਾਨੂੰ ਯਾਦ ਹੋ ਗਿਆ ਹੋਵੇਗਾ। ਇਸ ਕਾਇਦੇ ਦਾ ਬਾਰ-ਬਾਰ ਅਭਿਆਸ ਕਰਨ ਨਾਲ ਜਿੱਥੇ ਬਾਂਏਂ (ਡੂਗੀ) ਵਿੱਚ ਭਾਰਾ ਪਣ ਅਤੇ ਗੰਭੀਰਤਾ ਪੈਦਾ ਹੋਵੇਗੀ ਉੱਥੇ ਤਿਟ ਜੋ ਸਿਆਹੀ ਦਾ ਬੋਲ ਹੈ ਜਿਸਨੇ ਅਗੇ ਜਾ ਕੇ ਤਿਰਕਿਟ ਵਿੱਚ ਤਬਦੀਲ ਹੋਣਾ ਹੈ ਦੀ ਤਿਆਰੀ ਅਤੇ ਸਫਾਈ ਵਿੱਚ ਸਹਾਈ ਹੋਣਾ ਹੈ। ਪਹਿਲਾਂ ਕਾਇਦਾ ਬਰਾਬਰ ਦੀ ਲੈਅ ਵਿੱਚ ਵਜਾਇਆ ਜਾਵੇ ਫਿਰ ਦੁਗਣ ਵਿੱਚ ਏਸੇ ਤਰ੍ਹਾਂ ਤਿਆਰੀ ਹੋਣ ਤੇ ਚੌਗੁਣ ਵਿੱਚ। ਅਖੀਰ ਤੇ ਤਿਹਾਈ ਵਜਾ ਕੇ ਫਿਰ ਬਰਾਬਰ ਦੀ ਲੈਅ ਵਿੱਚ ਠੇਕਾ ਲਾਉਣਾ।

ਕਾਇਦਾ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਤੁਹਾਨੂੰ ਤਿਹਾਈ ਬਾਰੇ ਦਸ ਦੇਣਾ ਚਾਹੁੰਦਾ ਹੈ।

ਤਿਹਾਈ: ਤਿਹਾਈ ਜਾਂ ਤੀਹ ਜਾਂ ਤੋੜਾ ਉਸ ਬੋਲ ਸਮੂਹ ਨੂੰ ਕਿਹਾ ਜਾਂਦਾ ਹੈ ਜੋ ਪੂਰਾ ਪੂਰਾ ਤਿੰਨ ਵਾਰ ਇੱਕ ਹੀ ਢੰਗ ਨਾਲ ਵਜਾਉਣ ਤੋਂ ਬਾਦ ਸਮ ਤੇ ਜਾਂ ਕਿਸੇ ਨਿਸਚਿਤ ਥਾਂ ਤੇ ਆਏ।

ਤਿਹਾਈ ਦੋ ਪ੍ਰਕਾਰ ਦੀ ਹੁੰਦੀ ਹੈ: 1) ਦਮਦਾਰ 2) ਬੇਦਮਦਾਰ।

1) ਦਮਦਾਰ ਤਿਹਾਈ: ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਤਿਹਾਈ ਵਿੱਚ ਇੱਕ ਹੀ ਬੋਲ ਸਮੂਹ ਨੂੰ ਇੱਕ ਹੀ ਢੰਗ ਨਾਲ ਤਿਨ ਵਾਰ ਵਜਾਇਆ ਜਾਂਦਾ ਹੈ। ਇਹ ਹਿੱਸਾ ਵਜਾਉਣ ਤੋਂ ਬਾਦ ਅਤੇ ਦੂਸਰਾ ਸ਼ੁਰੂ ਕਰਨ ਤੋਂ ਪਹਿਲਾਂ ਜੋ ਦਮ ਲਿਆ ਜਾਂਦਾ ਹੈ ਤਾਂ ਦਮਦਾਰ ਤਿਹਾਈ।

ਜਿਵੇਂ: ਤੀਨ ਤਾਲ ਵਿੱਚ

ਧਾਧਾ ਤਿਟ ਧਾਧਾ ਤੂਨਾ ਧਾ s ਤਿੰਨ ਵਾਰ ਵਜਣ ਤੇ ਧਾ ਸਮ ਆ ਜਾਵੇਗਾ ਪਹਿਲੇ ਅਤੇ ਦੂਸਰੇ ਚੱਕਰ ਵਿੱਚ ਧਾ ਤੋਂ ਮਗਰੋਂ ਜੋ s ਹੈ ਇਸ ਦਾ ਭਾਵ ਹੈ ਠਹਿਰਨਾ ਜੇ s ਇੱਕ ਹੈ ਤਾਂ ਇੱਕ ਮਾਤਰ ਇਹ sss ਇੱਕ ਤੋਂ ਵਧ ਦੋ ਜਾਂ ਤਿੰਨ ਵੀ ਹੋ ਸਕਦੇ ਹਨ। ਜਿੰਨੇ ਐਸ (s) ਉਨੀਆਂ ਮਾਤਰਾਂ ਦਾ ਦਮ ਲੈਣਾ।

2) ਬੇਦਮਦਾਰ ਤਿਹਾਈ: ਜਿਸ ਤਿਹਾਈ ਨੂੰ ਵਜਾਉਣ ਸਮੇਂ ਪਹਿਲੇ ਦੂਜੇ ਤੇ ਤੀਜੇ ਭਾਗ ਨੂੰ ਵਜਾਉਣ ਸਮੇਂ ਕੋਈ ਦਮ ਨਾ ਲਿਆ ਜਾਵੇ ਸਗੋਂ ਤਿੰਨ ਵਾਰੀ ਬਿਨਾ ਰੁਕੇ ਵਜਾਇਆ ਜਾਵੇ।

ਜਿਵੇਂ: ਤੀਨ ਤਾਲ ਵਿੱਚ

ਧਾਤੇ ਟੇਧਾ ਤੇਟੇ ਧਾਧਾ ਤੇਟੇ ਧਾ,ਧਾ ਤੇਟੇ ਧਾਤੇ
ਟੇਧਾ ਧਾਤੇ ਟੇਧਾ ਧਾਤੇ ਟੇਧਾ ਤੇਟੇ ਧਾਧਾ ਤੇਟੇ

ਜੋ ਕਾਇਦਾ ਅਸੀਂ ਨਵਾਂ ਸ਼ੁਰੂ ਕਰਨ ਜਾ ਰਹੇ ਹਾਂ ਇਸ ਵਿੱਚ ਤਿਟ ਦੀ ਥਾਂ ਤੇ ਤਿਟਕਿਟ ਦਾ ਬੋਲ ਆਵੇਗਾ। ਤਿਟ ਕਿਟ ਤੇਜ਼ ਲੈ ਵਿੱਚ ਵਜਾਉਣ ਸਮੇਂ ਤਿਰਕਿਟ ਵਿੱਚ ਤਬਦੀਲ ਹੋ ਜਾਂਦਾ ਹੈ। ਤਿਰਕਿਟ ਸਾਰੇ ਤਬਲੇ ਦਾ ਸ਼ਿੰਗਾਰ ਹੈ ਇਸ ਲਈ ਇਸ ਬੋਲ ਦੀ ਸਫਾਈ ਅਤੇ ਤਿਆਰੀ ਵਿਸ਼ੇਸ਼ ਧਿਆਨ ਮੰਗਦੀ ਹੈ। ਤਿਟਕਿਟ ਨੂੰ ਬਾਰ-ਬਾਰ ਵਜਾਉਣ ਨਾਲ ਇਸ ਵਿੱਚ ਸਫਾਈ ਪੈਦਾ ਹੋਵੇਗੀ ਅਤੇ ਜੋ ਕਾਇਦਾ ਅਸੀਂ ਕਰਨ ਜਾ ਰਹੇ ਹਾਂ ਉਹ ਨਿਰੰਤਰ ਅਭਿਆਸ ਨਾਲ ਤਿਰਕਿਟ ਦੀ ਤਿਆਰੀ ਹੋਣ ਵਿੱਚ ਬਹੁਤ ਸਹਾਈ ਹੋਵੇਗਾ।

| 1 | 2 | 3 | 4 | 5 | 6 | 7 | 8 |
|---|---|---|---|---|---|---|---|
| ਧਾ | ਧਾ | ਤਿਟ | ਕਿਟ | ਧਾ | ਧਾ | ਤੂ | ਨਾ |
| ਤਾ | ਤਾ | ਤਿਟ | ਕਿਟ | ਧਾ | ਧਾ | ਤੂ | ਨਾ |

**ਪਲਟੇ :**

| | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| 1 | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ | ਤਾ | ਤਾ | ਤਿਰ | ਕਿਟ | ਧਾ | ਧਾ | ਤੂ | ਨਾ |
| | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| 2 | ਧਾ | ਧਾ | ਤਿਰ | ਕਿਟ | ਧਾ | ਤਿਰ | ਕਿਟ | ਧਾ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| | ਤਾ | ਤਾ | ਤਿਰ | ਕਿਟ | ਤਾ | ਤਿਰ | ਕਿਟ | ਤਾ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| 3 | ਧਾ | ਧਾ | ਤਿਰ | ਕਿਟ | ਧਾ | ਤਿਰ | ਕਿਟ | ਧਾ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| | ਤਾ | ਤਾ | ਤਿਰ | ਕਿਟ | ਤਾ | ਤਿਰ | ਕਿਟ | ਤਾ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| 4 | ਧਾ | ਧਾ | ਤਿਰ | ਕਿਟ | ਤਿਰ | ਕਿਟ | ਧਾ | ਧਾ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| | ਤਾ | ਤਾ | ਤਿਰ | ਕਿਟ | ਤਿਰ | ਕਿਟ | ਤਾ | ਤਾ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| 5 | ਧਾ | ਤਿਰ | ਕਿਟ | ਧਾ | ਤਿਰ | ਕਿਟ | ਤਿਰ | ਕਿਟ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| | ਤਾ | ਤਿਰ | ਕਿਟ | ਤਾ | ਤਿਰ | ਕਿਟ | ਤਿਰ | ਕਿਟ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| 6 | ਧਾ | ਤਿਰ | ਕਿਟ | ਧਾ | ਤਿਰ | ਕਿਟ | ਧਾ | ਧਾ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| | ਤਾ | ਤਿਰ | ਕਿਟ | ਤਾ | ਤਿਰ | ਕਿਟ | ਤਾ | ਤਾ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| 7 | ਧਾ | ਧਾ | ਤਿਰ | ਕਿਟ | ਤਿਰ | ਕਿਟ | ਤਿਰ | ਕਿਟ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| | ਤਾ | ਤਾ | ਤਿਰ | ਕਿਟ | ਤਿਰ | ਕਿਟ | ਤਿਰ | ਕਿਟ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| 8 | ਤਿਰ | ਕਿਟ | ਧਾ | ਧਾ | ਤਿਰ | ਕਿਟ | ਤਿਰ | ਕਿਟ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| | ਤਿਰ | ਕਿਟ | ਤਾ | ਤਾ | ਤਿਰ | ਕਿਟ | ਤਿਰ | ਕਿਟ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| 9 | ਤਿਰ | ਕਿਟ | ਧਾ | ਤਿਰ | ਕਿਟ | ਧਾ | ਤਿਰ | ਕਿਟ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| | ਤਿਰ | ਕਿਟ | ਤਾ | ਤਿਰ | ਕਿਟ | ਤਾ | ਤਿਰ | ਕਿਟ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| 10 | ਧਾ | ਤਿਰ | ਕਿਟ | ਤਿਰ | ਕਿਟ | ਧਾ | ਤਿਰ | ਕਿਟ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |
| | ਤਾ | ਤਿਰ | ਕਿਟ | ਤਿਰ | ਕਿਟ | ਤਾ | ਤਿਰ | ਕਿਟ | ਧਾ | ਧਾ | ਤਿਰ | ਕਿਟ | ਧਾ | ਧਾ | ਤੂ | ਨਾ |

***ਤਿਹਾਈ*** : $(\text{ਧਾ ਧਾ ਤਿਰ ਕਿਟ ਧਾ ਧਾ ਤੂ ਨਾ ਧਾ ਧਾ ਧਾ})^3$

ਤਿਹਾਈ ਦਾ ਇੱਕ ਪੱਲਾ 11 ਮਾਤਰਾਂ ਦਾ ਹੈ ਤਿੰਨ ਵਾਰ ਵਜਣ ਨਾਲ 11×3=33 ਸੋਲਾਂ ਮਾਤਰਾਂ ਦੇ ਦੋ ਚੱਕਰ 16×2=32 ਅਤੇ 33 ਵਾਂ ਧਾ ਸਮ ਤੇ ਆਵੇਗਾ। ਇਹ ਇਸ ਲਈ ਦੱਸਿਆ ਗਿਆ ਹੈ ਤਾਂ ਕਿ ਤੁਹਾਨੂੰ ਤਿਹਾਈ ਦੀ ਬਣਤਰ ਬਾਰੇ ਪਤਾ ਲਗ ਸਕੇ। ਤਾਲ ਦੀਆਂ ਮਾਤਰਾਂ ਦੇ ਤਿਨ ਬਰਾਬਰ ਹਿੱਸੇ ਕਰਨ ਨਾਲ ਤਿਹਾਈ ਦਾ ਇੱਕ ਪੱਲਾ ਬਣਦਾ ਹੈ ਅਤੇ ਜੋ ਤੀਸਰੇ ਪੱਲੇ ਜਾਂ ਹਿੱਸੇ ਦਾ ਆਖਰੀ ਧਾ ਹੈ ਉਹ ਸਮ ਤੇ ਆਵੇਗਾ। ਨਿਰੰਤਰ ਅਭਿਆਸ ਕਰਨ ਨਾਲ ਇਹ ਵੰਡ ਜਿਹਨ ਵਿੱਚ ਬੈਠ ਜਾਵੇਗੀ।


## ਗੁਰਮੁਖ ਢੂਢ ਢੂਢੇਦਿਆਂ ( Free Matrimonial Service )

**SUITABLE** match for a Sikh (Ramgarhia) boy (D.O.B. 12/12/1973, 5'-11"), BA. Working in Recovery Agency of Loans. Father retired Air Force Officer. **Contact :** S. Kuldip Singh Matwala, #2225, Sector: 44/C, Chandigarh

**SUITABLE** match for a Sikh girl (D.O.B. 24/01/1976, 5'-4"), Graduate, 1 yr. Diploma in Computer Software, 1 yr. Diploma in Fashion Design, and doing 1 yr. Diploma in Gurmat Sangeet. **Contact :** S. Kuldip Singh Matwala, #2225, Sector: 44/C, Chandigarh

ਰਾਗੀ ਸਿੰਘ, **ਉਮਰ** 21 ਸਾਲ, ਕੱਦ 5'-7", +2, ਵਾਸਤੇ ਗੁਰਸਿੱਖ ਅੰਮ੍ਰਿਤਧਾਰੀ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ, ਜੋ ਘਰੇਲੂ ਕੰਮਕਾਰ ਵਿੱਚ ਵੀ ਨਿਪੁੰਨ ਹੋਵੇ। **ਸੰਪਰਕ** : ਰਾਗੀ ਜਸਵੰਤ ਸਿੰਘ ਕੋਮਲ, ਮਕਾਨ ਨੰ: 16, ਵਰਿਆਮ ਨਗਰ, ਅਬੋਹਰ ਫੋਨ: 01634-26460

# ਭਾਈ ਸਾਹਿਬ ਭਾਈ ਇਕਬਾਲ ਸਿੰਘ 'ਸਾਬਰ' 'ਰਾਗੀ'

ਹਰਭਜਨ ਸਿੰਘ ਚੋਪੜਾ
ਐਚ. ਐਮ. 74, ਫੇਜ਼: 3 ਬੀ-1, ਮੁਹਾਲੀ

ਭਾਈ ਇਕਬਾਲ ਸਿੰਘ ਜੀ 'ਸਾਬਰ' ਪੰਜਾਬ ਦੇ ਉੱਘੇ ਰਾਗੀਆਂ ਦੀ ਗਿਣਤੀ ਵਿੱਚ ਸ਼ੁਮਾਰ ਹਨ। ਆਪ ਜੀ ਹਿੰਦੁਸਤਾਨ ਦੀ ਵੰਡ ਪਿੱਛੋਂ ਅਰਥਾਤ ਸੰਨ 1947 ਤੋਂ ਬਾਅਦ ਪੰਜਾਬ ਦੇ ਮਸ਼ਹੂਰ ਸ਼ਹਿਰ ਲੁਧਿਆਣੇ ਵਿਖੇ ਹੀ ਨਿਵਾਸ ਕਰਦੇ ਹਨ ਅਤੇ ਉਦੋਂ ਤੋਂ ਹੀ ਕੀਰਤਨੀ ਜਥੇ ਵਜੋਂ ਵੱਖ-ਵੱਖ ਗੁਰਦੁਵਾਰਿਆਂ ਵਿੱਚ ਕੀਰਤਨ ਦੀ ਸੇਵਾ ਕਰ ਰਹੇ ਹਨ।

ਆਪ ਜੀ ਦਾ ਜਨਮ 17 ਜਨਵਰੀ 1930 ਨੂੰ ਸਮੁੰਦਰੀ ਸ਼ਹਿਰ ਵਿੱਚ ਜਿਲ੍ਹਾ ਲਾਇਲਪੁਰ ਜੋ ਕਿ ਹੁਣ ਪਾਕਿਸਤਾਨ ਵਿੱਚ ਹੈ, ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਭਾਈ ਸੁੰਦਰ ਸਿੰਘ 'ਸਾਬਰ' ਅਤੇ ਮਾਤਾ ਜੀ ਦਾ ਨਾਮ ਸ੍ਰੀਮਤੀ ਰਣਜੀਤ ਕੌਰ ਹੈ ਜੋ ਕਿ ਥੋੜਾ ਸਮਾਂ ਪਹਿਲੇ 94 ਸਾਲ ਦੀ ਉਮਰ ਵਿੱਚ 15 ਦਸੰਬਰ 1999 ਨੂੰ ਅਕਾਲ ਚਲਾਣਾ ਕਰ ਗਏ ਹਨ। ਭਾਈ ਸਾਹਿਬ ਦੇ ਮਾਤਾ ਜੀ ਦਾ ਜੀਵਨ ਪੂਰਨ ਗੁਰਸਿੱਖੀ ਵਾਲਾ ਸੀ ਅਤੇ ਭਾਈ ਸਾਹਿਬ ਅਤੇ ਉਹਨ੍ਹਾਂ ਦੇ ਸਾਰੇ ਪਰਿਵਾਰ ਉੱਪਰ ਉਹਨਾਂ ਦੇ ਜੀਵਨ ਦਾ ਡੂੰਘਾ ਪ੍ਰਭਾਵ ਹੈ ਅਤੇ ਭਾਈ ਸਾਹਿਬ ਇਹ ਮੰਨਦੇ ਹਨ ਕਿ ਇਹ ਉਹਨਾਂ ਦੇ ਮਾਤਾ ਜੀ ਦੀਆਂ ਅਸੀਸਾਂ ਦਾ ਸਦਕਾ ਹੀ ਉਹਨਾਂ ਨੂੰ ਇਹ ਕੀਰਤਨ ਦੀ ਦਾਤ ਪ੍ਰਾਪਤ ਹੋਈ, ਸੰਗਤਾਂ ਵਲੋਂ ਅਥਾਹ ਪਿਆਰ ਅਤੇ ਸਤਿਕਾਰ ਮਿਲਿਆ ਅਤੇ ਸੰਗਤਾਂ ਵਿੱਚ ਮਕਬੂਲੀਅਤ ਹਾਸਲ ਹੋਈ।

ਭਾਈ ਸਾਹਿਬ ਨੇ ਬਚਪਨ ਤੋਂ ਹੀ ਕਰੀਬ 12 ਸਾਲ ਦੀ ਉਮਰ ਵਿੱਚ ਹੀ ਪਾਕਿਸਤਾਨ ਸਮੁੰਦਰੀ ਵਿਖੇ ਆਪਣੇ ਪਿਤਾ ਜੀ ਭਾਈ ਸੁੰਦਰ ਸਿੰਘ ਜੀ 'ਸਾਬਰ' ਨਾਲ ਲਗ ਕੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ ਸੀ। ਕੀਰਤਨ ਦੀ ਦਾਤ ਆਪ ਜੀ ਨੂੰ ਵਿਰਸੇ ਵਿੱਚ ਹੀ ਮਿਲੀ। ਆਪ ਨੇ ਕੀਰਤਨ ਦੇ ਨਾਲ ਨਾਲ ਤਬਲੇ ਵਿੱਚ ਵੀ ਤਾਲੀਮ ਬਚਪਨ ਵਿੱਚ ਹਾਸਲ ਕੀਤੀ। ਆਪ ਜੀ ਐਮ. ਏ. (ਪ੍ਰਵੀਨ) ਗਾਇਨ ਵਿੱਚ ਹਨ ਅਤੇ ਤਬਲਾ ਵਾਦਨ ਵਿੱਚ ਆਪ ਜੀ ਨੇ ਬੀ.ਏ. ਪਾਸ ਕੀਤੀ ਹੈ। ਇਸੇ ਲਈ ਆਪ ਜੀ ਦਾ ਸਵਰ ਅਤੇ ਤਾਲ ਦੋਨਾਂ ਉੱਪਰ ਪੂਰਾ ਅਧਿਕਾਰ ਹੈ ਅਤੇ ਆਪ ਜੀ ਸ਼ਬਦਾਂ ਦੀਆਂ ਕਈ ਰੀਤਾਂ/ਠੁਮਰੀ ਆਦਿ ਐਸੇ ਐਸੇ ਬਿਖੜੇ ਲੈ ਅਤੇ ਤਾਲਾਂ ਵਿੱਚ ਗਾਉਂਦੇ ਹਨ ਕਿ ਚੰਗਾ ਸਿਆਣੇ ਤੋਂ ਸਿਆਣਾ ਤਬਲਾ ਵਾਦਕ ਵੀ ਚੱਕਰ ਖਾ ਜਾਂਦਾ ਹੈ ਅਤੇ ਉਹਨਾਂ ਦਾ ਲੋਹਾ ਮੰਨਦਾ ਹੈ। ਆਪ ਜੀ ਨੂੰ ਹਰਮੋਨੀਅਮ ਅਤੇ ਤਬਲੇ ਤੋਂ ਇਲਾਵਾ ਤੰਤੀ ਸਾਜ਼ ਵਾਇਲਨ ਦਿਲਰੁਬਾ ਆਦਿ ਵਜਾਉਣ ਵਿੱਚ ਵੀ ਮੁਹਾਰਤ ਹਾਸਲ ਹੈ। ਆਪ ਜੀ ਨੂੰ ਬਹੁਤ ਸਾਰੀਆਂ ਪੁਰਾਣੀਆਂ ਰੀਤਾਂ/ਬੰਦਸ਼ਾਂ ਯਾਦ ਹਨ ਅਤੇ ਗਾਉਂਦੇ ਵੀ ਹਨ ਜੇਕਰ ਇਨ੍ਹਾਂ ਨੂੰ ਸੁਣਨ ਦਾ ਕੋਈ ਚਾਹਵਾਨ ਹੋਵੇ ਤਾਂ ਨਹੀਂ ਤਾਂ ਉਹਨਾਂ ਦਾ ਕਹਿਣਾ ਹੈ ਕਿ ਹੁਣ ਪੁਰਾਣੀਆਂ ਰੀਤਾਂ ਨੂੰ ਸੰਗਤ ਸੁਣਨਾ ਨਹੀਂ ਚਾਹੁੰਦੀ ਇਸ ਲਈ ਉਹ ਵੀ ਦੂਸਰੇ ਰਾਗੀਆਂ ਵਾਂਗ ਲਾਈਟ ਬੰਦਸ਼ਾਂ ਹੀ ਗਾਉਣ ਲਗ ਪਏ ਹਨ। ਆਪ ਜੀ ਦਾ ਗਲਾ ਸੱਧਿਆ ਹੋਇਆ ਹੈ। ਕਮਾਲ ਦੀ ਮਿਠਾਸ ਹੈ ਆਪ ਜੀ ਦੇ ਗਲੇ ਵਿੱਚ। ਆਪ ਜੀ ਨੂੰ ਆਲਾਪ, ਤਾਨ, ਮੁਰਕੀ ਆਦਿ ਵਿੱਚ ਪੂਰੀ ਮੁਹਾਰਤ ਹਾਸਲ ਹੈ। ਉਪਰੋਕਤ ਗੁਣਾ ਤੋਂ ਇਲਾਵਾ ਆਪ ਜੀ ਦਾ ਜੀਵਨ ਮਾਤਾ ਪਿਤਾ ਵਾਂਗ ਉੱਚਾ ਸੁੱਚਾ ਹੈ ਅਤੇ ਆਪ ਜੀ ਬਹੁਤ ਉੱਚੇ ਆਚਰਣ ਦੇ ਮਾਲਕ ਹਨ।

ਆਪ ਜੀ ਨੇ ਜਿਨ੍ਹਾਂ ਜਿਨ੍ਹਾਂ ਪਾਸੋਂ ਸੰਗੀਤ ਵਿੱਦਿਆ ਪ੍ਰਾਪਤ ਕੀਤੀ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ ਗੁਲਾਮ ਅਲੀ ਜੀ (ਸਮੁੰਦਰੀ), ਗਿਆਨੀ ਨਰਿੰਦਰ ਸਿੰਘ ਨੇਤਰਹੀਣ, ਮਾਸਟਰ ਹਰੀਦੇਵ ਜੀ ਜੋ ਕਿ ਮਾਸਟਰ ਰਤਨ ਜੀ (ਹਦਿਆਬਾਦੀ) ਦੇ ਸ਼ਗਿਰਦ ਸਨ। ਗਿਆਨੀ ਗਿਆਨ ਸਿੰਘ ਜੀ ਅਲਮਸਤ ਆਦਿ। ਆਪ ਜੀ ਦੇ ਸਮਕਾਲੀ ਰਾਗੀ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ, ਭਾਈ ਚਾਂਦ ਜੀ ਅਤੇ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਰਹੇ ਹਨ। ਉਸ ਵਕਤ ਤੋਂ ਆਪ ਕੀਰਤਨ ਕਰਦੇ ਆ ਰਹੇ ਹਨ ਅਤੇ ਹੁਣ 70 ਸਾਲ ਦੀ ਉਮਰ ਵਿੱਚ ਵੀ ਆਪ ਅਜੇ ਬਾਕਾਇਦਾ ਡਿਊਟੀ-ਬਦ ਕੀਤਰਨ ਕਰ ਰਹੇ ਹਨ।

ਇਸ ਵੇਲੇ ਆਪ ਜੀ ਗੁ: ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ ਵਿਖੇ ਪਿਛਲੇ 20 ਸਾਲਾਂ ਤੋਂ ਹਜ਼ੂਰੀ ਰਾਗੀ ਵਜੋਂ ਸੇਵਾ ਕਰ ਹਰੇ ਹਨ ਇਸ ਤੋਂ ਪਹਿਲਾਂ 7 ਸਾਲ ਗੁ: ਸ੍ਰੀ ਕਲਗੀਧਰ ਲੁਧਿਆਣਾ 14 ਸਾਲ ਗੁ: ਰਾਮਗੜ੍ਹੀਆ ਮਿਲਰਗੰਜ ਲੁਧਿਆਣਾ ਅਤੇ 11 ਸਾਲ ਗੁ: ਸਿੰਘ ਸਭਾ ਪੁਰਾਣੀ ਸਬਜ਼ੀ ਮੰਡੀ ਲੁਧਿਆਣਾ ਵਿੱਚ ਬਤੌਰ ਹਜ਼ੂਰੀ ਰਾਗੀ ਦੇ ਬੇਦਾਗ ਸੇਵਾ ਨਿਭਾਈ ਹੈ। ਆਪ ਜੀ ਦਾ ਕਹਿਣਾ ਹੈ ਕਿ ਜਿੱਥੋਂ ਵੀ ਡਿਊਟੀ ਛਡੀ ਹੈ ਆਪ ਬੇਨਤੀ ਕਰ ਕੇ ਛੁੱਟੀ ਮੰਗੀ ਹੈ ਕਿਸੇ ਵੀ ਗੁ:

ਕਮੇਟੀ ਨੇ ਉਨ੍ਹਾਂ ਨੂੰ ਜੁਆਬ ਨਹੀਂ ਦਿੱਤਾ।

ਇਤਨੇ ਲੰਬੇ ਸਮੇਂ ਵਿੱਚ ਆਪ ਜੀ ਨਾਲ ਸਾਥੀ ਦੇ ਤੌਰ ਤੇ ਭਾਈ ਸੁਜਾਨ ਸਿੰਘ ਸਚਦੇਵ (7 ਸਾਲ), ਭਾਈ ਤੇਜਾ ਸਿੰਘ ਜੀ ਜੋ ਕਿ ਭਾਈ ਸਮੁੰਦ ਸਿੰਘ ਜੀ ਦੇ ਰਿਸ਼ਤੇਦਾਰ ਵੀ ਸਨ ਅਤੇ ਸਾਥੀ ਵੀ ਰਹੇ ਹਨ (7 ਸਾਲ), ਭਾਈ ਮਨੋਹਰ ਸਿੰਘ ਜੋ ਕਿ ਭਾਈ ਸਾਹਿਬ ਦੇ ਸ਼ਾਗਿਰਦ ਵੀ ਹਨ (40 ਸਾਲ) ਅਤੇ ਕਾਫੀ ਸਮਾਂ ਤਬਲੇ ਤੇ ਸਾਥੀ ਵਜੋਂ ਭਾਈ ਹਰਨਾਮ ਸਿੰਘ ਜੋ ਕਿ ਭਾਈ ਸਮੁੰਦ ਜੀ ਨਾਲ ਅਤੇ ਪ੍ਰੋ. ਦਰਸ਼ਨ ਸਿੰਘ ਰਾਗੀ ਨਾਲ ਵੀ ਰਹੇ ਹਨ। ਬਹੁਤ ਸਮਾਂ ਆਪ ਜੀ ਰੇਡੀਓ ਅਤੇ ਟੀ ਵੀ ਤੋਂ ਵੀ ਗਾਉਂਦੇ ਰਹੇ ਹਨ। 1985 ਵਿੱਚ ਆਪ ਜੀ ਦੀ ਇੱਕ ਸ਼ਬਦਾਂ ਦੀ ਕੈਸਟ ਐਮ ਆਈ ਵੀ ਕੰਪਨੀ ਨੇ ਤਿਆਰ ਕੀਤੀ। 'ਹਉ ਨਾ ਛੋਡਉ ਕੰਤ ਪਾਸਰਾ'

ਆਪ ਜੀ ਕਾਫੀ ਸਾਲ ਰਾਗੀ ਸਭਾ ਲੁਧਿਆਣਾ ਦੇ ਪ੍ਰਧਾਨ ਰਹੇ ਅਤੇ ਭਾਈ ਸਮੁੰਦ ਸਿੰਘ ਗੁਰਮਤਿ ਰਾਗੀ ਸਭਾ ਦੇ ਸਕੱਤਰ/ਪ੍ਰਧਾਨ ਵਜੋਂ ਕਾਫੀ ਸਮਾਂ ਸੇਵਾ ਕਰਦੇ ਰਹੇ ਹਨ।

ਆਪ ਜੀ ਦੇ ਦੋ ਲੜਕੇ ਅਤੇ 4 ਲੜਕੀਆਂ ਹਨ ਸਾਰੇ ਹੀ ਗੁਰਸਿੱਖੀ ਮਰਿਆਦਾ ਵਿੱਚ ਹਨ ਅਤੇ ਤਕਰੀਬਨ ਸਾਰੇ ਹੀ ਕੀਰਤਨ ਕਰ ਲੈਂਦੇ ਹਨ ਅਤੇ ਗੁਰੂ ਘਰ ਨਾਲ ਜੁੜੇ ਹੋਏ ਹਨ ਦੋਵੇਂ ਲੜਕੇ ਆਪਣਾ ਕਪੜੇ ਦਾ ਕਾਰੋਬਾਰ ਕਰਦੇ ਹਨ। ਭਾਈ ਸਾਹਿਬ ਆਪ ਵੀ ਕੀਤਰਨ ਦੇ ਨਾਲ ਨਾਲ ਕਾਰੋਬਾਰ ਰਾਹੀਂ ਵੀ ਦਸਾਂ ਨੌਂਹਾਂ ਦੀ ਕਿਰਤ ਵੀ ਕਰਦੇ ਰਹੇ ਹਨ। ਭਾਈ ਸਾਹਿਬ ਦਾ ਕਹਿਣਾ ਹੈ ਕਿ ਉਹਨਾਂ ਲਈ ਕੀਰਤਨ ਦੀ ਡਿਊਟੀ ਦੀ ਪ੍ਰੇਰਣਾ ਦਾ ਸ੍ਰੋਤ ਉਹਨਾਂ ਦੀ ਸਵ: ਧਰਮ ਪਤਨੀ ਸ੍ਰੀਮਤੀ ਤੇਜ ਕੌਰ ਸਨ। ਜਦੋਂ ਵੀ ਉਹਨਾਂ ਨੇ ਕੀਰਤਨ ਡਿਊਟੀ ਛੱਡ ਕੇ ਆਜ਼ਾਦ ਰਾਗੀ ਬਣਨ ਦੀ ਇੱਛਾ ਪ੍ਰਗਟ ਕੀਤੀ ਉਹਨਾਂ ਦੀ ਧਰਮ ਪਤਨੀ ਨੇ ਵਿਰੋਧ ਕੀਤੀ ਅਤੇ ਕਿਹਾ ਕਿ "ਇਸੇ ਬਹਾਨੇ ਅਸੀਂ ਵੀ ਅੰਮ੍ਰਿਤ ਵੇਲੇ ਉਠ ਜਾਂਦੇ ਹਾਂ ਗੁਰੂ ਨਾਲ ਜੁੜੇ ਰਹਿੰਦੇ ਹਾਂ, ਨਹੀਂ ਤਾਂ ਅਸੀਂ ਵੀ ਅਵੇਸਲੇ ਹੋ ਜਾਵਾਂਗੇ।" ਇਸ ਲਈ ਇਤਨਾ ਲੰਬਾ ਸਮਾਂ ਕੀਰਤਨ ਦੀ ਡਿਊਟੀ ਨਿਭਾਉਣ ਵਿੱਚ ਮੇਰੀ ਪਤਨੀ ਦਾ ਬਹੁਤ ਵੱਡਾ ਹੱਥ ਹੈ ਇੱਥੋਂ ਤੱਕ ਕਿ ਅਕਾਲ ਚਲਾਣੇ ਸਮੇਂ ਵੀ ਜਦੋਂ ਹਸਪਤਾਲ ਵਿੱਚ ਦਾਖਲ ਸਨ ਉਸ ਦਿਨ ਵੀ ਮੈਨੂੰ ਡਿਊਟੀ ਤੋਂ ਛੁੱਟੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਇਹ ਭਾਈ ਸਾਹਿਬ ਦਾ ਕਹਿਣਾ ਹੈ। ਆਪ ਜੀ ਦੀ ਪਤਨੀ 14 ਜਨਵਰੀ 1988 ਨੂੰ ਲੁਧਿਆਣੇ ਵਿਖੇ ਭਾਈ ਸਾਹਿਬ ਨੂੰ ਡਿਊਟੀ ਲਈ ਹਦਾਇਤ ਕਰਦੇ ਹੋਏ ਅਕਾਲ ਚਲਾਣਾ ਕਰ ਗਏ।

ਆਪ ਜੀ ਦੇ ਪ੍ਰਮੁੱਖ ਸ਼ਾਗਿਰਦਾਂ ਵਿੱਚ ਹਨ ਭਾਈ ਮਨੋਹਰ ਸਿੰਘ ਜੀ ਜਿਨ੍ਹਾਂ ਨੇ 40 ਸਾਲ ਸਾਥੀ ਵਜੋਂ ਆਪ ਜੀ ਨਾਲ ਬੈਠਕੇ ਕੀਰਤਨ ਵੀ ਕੀਤਾ ਹੈ ਇਸ ਤੋਂ ਇਲਾਵਾ ਭਾਈ ਸਾਹਿਬ ਦੇ ਮਾਸੀ ਦੇ ਲੜਕੇ ਸ੍ਰ. ਉੱਤਮ ਸਿੰਘ ਮੁਹਾਲੀ (ਚੰਡੀਗੜ੍ਹ) ਜੋ ਕਿ ਐਮ. ਏ. (ਮਿਊਜ਼ਿਕ) ਗਾਇਨ ਪੰ. ਯੂ. ਚੰਡੀਗੜ੍ਹ ਤੋਂ ਹਨ। ਜਿਹਨਾਂ ਨੂੰ ਬਚਪਨ ਵਿੱਚ ਇਨ੍ਹਾਂ ਪਾਸੋਂ ਸਿੱਖਣ ਦਾ ਅਤੇ ਨਾਲ ਬੈਠ ਕੇ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਭਾਈ ਸਾਹਿਬ ਦਾ ਸ਼ਾਗਿਰਦ ਅਖਵਾਉਣ ਦਾ ਮਾਣ ਪ੍ਰਾਪਤ ਹੈ।

ਭਾਈ ਸਾਹਿਬ ਸ਼ਬਦਾਂ ਦੀਆਂ ਪੁਰਾਣੀਆਂ ਰੀਤਾਂ ਅਤੇ ਕੀਰਤਨ ਕਲਾ ਦਾ ਖ਼ਜਾਨਾ ਹਨ ਜਿਸ ਨੂੰ ਸ਼ਾਇਦ ਉਹਨਾਂ ਨੇ ਹੁਣ ਤਕ ਬਹੁਤ ਘਟ ਵੰਡਿਆ ਹੈ। ਪਰ ਹੁਣ ਉਹਨਾਂ ਦੀ ਇੱਛਾ ਹੈ ਕਿ ਉਮਰ ਜ਼ਿਆਦਾ ਹੋ ਜਾਣ ਕਾਰਣ ਕੀਰਤਨ ਦੀ ਡਿਊਟੀ ਛੱਡ ਕੇ ਫੁਰਸਤ ਨਾਲ ਸੇਵਾ ਸਿਮਰਨ ਕਰਨ ਅਤੇ ਕੀਰਤਨ ਦੀ ਸਿਖਲਾਈ ਅਭਿਲਾਸ਼ੀ ਵਿਦਿਆਰਥੀਆਂ ਨੂੰ ਦੇ ਕੇ ਇਹ ਖ਼ਜਾਨਾ ਵੰਡ ਸਕਣ ਤਾਂ ਕਿ ਇਹ ਖ਼ਜਾਨਾ ਮਹਿਫੂਜ਼ ਰਹਿ ਸਕੇ।

ਸਾਡੀ ਵਹਿਗੁਰੂ ਜੀ ਪਾਸ ਅਰਦਾਸ ਹੈ ਕਿ ਉਹਨਾਂ ਨੂੰ ਲੰਬੀ ਉਮਰ ਬਖਸ਼ਣ ਤਾਂ ਕਿ ਉਹ ਸੰਗਤਾਂ ਦੀ ਸੇਵਾ ਕਰਦੇ ਰਹਿਣ ਅਤੇ ਜ਼ਿਆਦਾ ਤੋਂ ਜ਼ਿਆਦਾ ਸੰਗਤਾਂ ਵਿੱਚ ਕੀਤਰਨ ਦਾ ਖ਼ਜਾਨਾ ਵੰਡ ਸਕਣ। ☬

## ਵਿਸ਼ੇਸ਼ ਸੂਚਨਾ

ਅੱਗੇ ਤੋਂ ਮੈਗਜ਼ੀਨ ਦਾ ਸਾਲਾਨਾ ਚੰਦਾ ਕੇਵਲ ਜਨਵਰੀ ਤੋਂ ਦਸੰਬਰ ਤਕ ਲਿਆ ਜਾਵੇਗਾ। ਭਾਵ ਹਰ ਨਵਾਂ ਮੈਂਬਰ ਹੁਣ ਜਨਵਰੀ ਤੋਂ ਮੈਂਬਰ ਬਣਾਇਆ ਜਾਵੇਗਾ। ਜਿਹਨਾਂ ਦੇ ਚੰਦੇ ਜਨਵਰੀ ਤੋਂ ਬਾਦ ਆਉਣਗੇ ਉਹਨਾਂ ਨੂੰ ਪਹਿਲੇ ਅੰਕ ਭੇਜ ਦਿੱਤੇ ਜਾਇਆ ਕਰਨਗੇ।

ਇਸ ਸਾਲ ਵਿਸ਼ੇਸ਼ ਰਿਆਇਤ ਦੇ ਰਹੇ ਹਾਂ। ਜਿਹੜੇ ਸਜਣ ਸਾਨੂੰ 30 ਨਵੰਬਰ ਤੱਕ 100 ਰੁ: ਭੇਜਣਗੇ ਅਸੀਂ ਉਹਨਾਂ ਨੂੰ ਜਨਵਰੀ 2001 ਤੋਂ ਦਸੰਬਰ 2001 ਤੱਕ ਮੈਂਬਰ ਬਣਾ ਲਵਾਂਗੇ। ਇੰਜ ਉਹ ਪੂਰੇ 50 ਰੁ: ਬਚਾ ਸਕਣਗੇ।

# ਕੈਸਟ ਸਮੀਖਿਆ

ਉੱਤਮ ਸਿੰਘ

# 409, ਫੇਜ਼: 3 ਬੀ-1, ਮੁਹਾਲੀ

**ਕੈਸਟ ਦਾ ਨਾਂ : ਸਵੱਰ-ਸਮੁੰਦ ਸ਼ਬਦ ਗੀਤ ਰਤਨਾਵਲੀ ਗਾਇਕ : ਪ੍ਰੋ. ਪਰਮਜੋਤ ਸਿੰਘ**

ਇਹ ਕੈਸਿਟ ਪ੍ਰੋ. ਪਰਮਜੋਤ ਸਿੰਘ ਜੀ ਦੀ ਮਧੁਰ ਆਵਾਜ਼ ਵਿੱਚ ਆਡੀਓ ਦੇ ਰੂਪ ਵਿੱਚ ਥੋੜੀ ਦੇਰ ਪਹਿਲੇ ਹੀ ਰੀਲੀਜ਼ ਕੀਤੀ ਗਈ ਹੈ। ਇਸ ਕੈਸਿਟ ਵਿੱਚ ਪ੍ਰੋ. ਸਾਹਿਬ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਵਿੱਚ ਦਰਜ 31 ਸ਼ੁਧ ਰਾਗਾਂ ਦੀ ਗੀਤਾ ਨੂੰ ਆਪਣੀ ਲਿਖੀ ਪੁਸਤਕ 'ਸਵਰ-ਸਮੁੰਦ ਰਤਨਾਵਲੀ' ਵਿੱਚ ਛਾਪੀਆਂ ਗਈਆਂ ਨੋਟੇਸ਼ਨਾਂ ਨੂੰ ਕ੍ਰਿਆਤਮਕ ਰੂਪ ਦਿੱਤਾ ਹੈ। ਇਨ੍ਹਾਂ ਲਿਖਤੀ ਨੋਟੇਸ਼ਨਾਂ ਨੂੰ ਹੂਬਹੂ ਖੁਦ ਗਾ ਕੇ ਸੰਗਤਾਂ ਨੂੰ ਇਹ ਵੱਡੀ ਦੇਣ ਦਿੱਤੀ ਹੈ। ਖਾਸ ਕਰਕੇ ਜਿਹੜੇ ਸੱਜਣ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਸਿੱਖਣ/ਕਰਨ ਜਾਂ ਸਿਖਾਉਣ ਦੇ ਇਛੁੱਕ ਹਨ ਉਨ੍ਹਾਂ ਲਈ ਇਹ ਕੈਸਿਟ ਬਹੁਤ ਹੀ ਉਪਯੋਗੀ ਸਿੱਧ ਹੋ ਸਕਦੀ ਹੈ। ਕਿਉਂਕਿ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸਾਰੇ ਰਾਗ ਅਪ੍ਰਚਲਿਤ ਅਤੇ ਪੁਰਾਣੇ ਹੋਣ ਕਰਕੇ ਆਮ ਸੰਗੀਤਕਾਰਾਂ ਨੂੰ ਇਨ੍ਹਾਂ ਦੀ ਜਾਣਕਾਰੀ ਬਹੁਤ ਘੱਟ ਹੈ ਇਥੋਂ ਤੱਕ ਕਿ ਸਾਡੇ ਗੁਰਦਵਾਰਿਆਂ ਵਿੱਚ ਕੀਰਤਨ ਦੀ ਸੇਵਾ ਕਰ ਰਹੇ ਆਮ ਰਾਗੀਆਂ ਦੀ ਤਾਂ ਗੱਲ ਛੱਡੋ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਦੇ ਕੁਝ ਕੁ ਗਿਣਤੀ ਦੇ ਰਾਗੀ ਸਿੰਘਾਂ ਨੂੰ ਛੱਡ ਕੇ ਬਾਕੀ ਸਾਰੇ ਹਜ਼ੂਰੀ ਰਾਗੀਆਂ ਪਾਸੋਂ ਕਦੇ ਵੀ ਇਹ ਰਾਗ ਸੁਣਨ ਨੂੰ ਨਹੀਂ ਮਿਲਦੇ ਸ਼ਾਇਦ ਉਹ ਵੀ ਇਨ੍ਹਾਂ ਰਾਗਾਂ ਨੂੰ ਗਾਉਣ ਤੋਂ ਅਸਮਰੱਥ ਹਨ। ਪ੍ਰੋ. ਸਾਹਿਬ ਨੇ ਸਾਰੇ 31 ਰਾਗਾਂ ਦੀਆਂ ਸੁਖੈਨ ਗੀਤਾਂ ਬਣਾ ਕੇ ਉਨ੍ਹਾਂ ਦਾ ਗਾਇਨ ਕਰਕੇ ਇਸ ਕੈਸਿਟ ਰਾਹੀਂ ਸੰਗਤਾਂ ਤੱਕ ਪਹੁੰਚਾਉਣ ਦਾ ਇਕ ਸ਼ਲਾਘਾਯੋਗ ਉਪਰਾਲਾ ਕੀਤਾ ਹੈ।

ਬੇਸ਼ਕ ਇਸ ਕੈਸਟ ਰਾਹੀਂ ਆਮ ਸੰਗਤਾਂ ਗੁਰਬਾਣੀ ਦਾ ਸ਼ਬਦ ਕੀਰਤਨ ਦਾ ਅਨੰਦ ਸ਼ਾਇਦ ਨਹੀਂ ਮਾਣ ਸਕਣਗੀਆਂ ਕਿਉਂਕਿ ਸਾਰੇ ਸ਼ਬਦ ਨਮੂਨੇ ਦੇ ਤੌਰ ਤੇ ਹੀ ਗਾਏ ਹਨ ਕੋਈ ਵੀ ਪੰਗਤੀ ਕਿਸੇ ਵੀ ਸ਼ਬਦ ਦੀ ਦੁਹਰਾਈ ਨਹੀਂ ਗਈ ਇਥੋਂ ਤਕ ਕਿ ਸਾਰੇ ਅੰਤਰੇ ਵੀ ਇਕੱਠੇ ਹੀ ਗਾਏ ਗਏ ਹਨ। ਹਰਿ ਅੰਤਰੇ ਬਾਅਦ ਸਥਾਈ ਦਾ ਗਾਇਨ ਨਹੀਂ ਕੀਤਾ ਗਿਆ। ਹਰਿ ਇੱਕ ਸ਼ਬਦ ਦੀ ਗਾਇਨ ਅਵੱਧੀ ਡੇਢ ਤੋਂ ਦੋ ਮਿੰਟ (ਔਸਤ) ਦੀ ਹੈ ਕਿਉਂਕਿ ਇਹ ਕੈਸਿਟ ਵਿਸ਼ੇਸ਼ ਤੌਰ ਤੇ ਅਧਿਆਪਕਾਂ ਜਾਂ ਸਿਖਿਆਰਥੀਆਂ ਦੀ ਮਦਦ ਲਈ ਹੀ ਤਿਆਰ ਕੀਤੀ ਗਈ ਹੈ। ਸਮੁੰਦਰ ਨੂੰ ਕੁੱਜੇ ਵਿੱਚ ਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਸ਼ਬਦਾਂ ਦਾ ਗਾਇਨ ਸੰਖੇਪ ਰੂਪ ਵਿੱਚ ਕੀਤਾ ਗਿਆ ਹੈ ਕਿ ਇਨ੍ਹਾਂ ਤੋਂ ਸਾਰੇ 31 ਰਾਗਾਂ ਦੀ ਝਲਕ ਤਾਂ ਮਿਲਦੀ ਹੈ ਅਤੇ ਸਿਖਲਾਈ ਵਿੱਚ ਕੁਝ ਸੇਧ ਵੀ ਮਿਲਦੀ ਹੈ ਪਰ ਰਾਗਾਂ ਨੂੰ ਸਮਝਣ ਅਤੇ ਸਿਖਾਉਣ/ਸਿੱਖਣ ਲਈ ਰਾਗਾਂ ਦੇ ਸਪਸ਼ਟ ਸਰੂਪ ਨੂੰ ਪਹਿਲਾਂ ਸਵਰਾਂ ਰਾਹੀਂ ਗਾਕੇ ਸਮਝਾਉਣ ਦੀ ਲੋੜ ਹੈ ਮਹਿਸੂਸ ਹੁੰਦੀ ਹੈ ਤਾਂ ਕਿ ਉਨ੍ਹਾਂ ਦੀ ਮਦਦ ਨਾਲ ਹੋਰ ਸ਼ਬਦਾਂ ਦੀਆਂ ਗੀਤਾਂ ਵੀ ਇਨ੍ਹਾਂ ਰਾਗਾਂ ਵਿੱਚ ਗਾਈਆਂ ਜਾ ਸਕਣ।

ਇਹ ਸਾਰੀਆਂ 31 ਗੀਤਾਂ ਕੇਵਲ ਤੀਨ ਤਾਲ ਵਿੱਚ ਹੀ ਗਾਈਆਂ ਹਨ। ਚੰਗਾ ਹੁੰਦਾ ਜੇਕਰ ਵੱਖ-ਵੱਖ ਤਾਲਾਂ ਵਿੱਚ ਗੀਤਾਂ ਤਾਲ ਬੱਧ ਹੁੰਦੀਆਂ ਕਿਉਂਕਿ ਸਾਡਾ ਗੁਰਮਤਿ ਸੰਗੀਤ ਸਿਰਫ ਤੀਨ ਤਾਲ ਤੱਕ ਸੀਮਤ ਨਹੀਂ ਹੈ।

ਇਹ ਕੈਸਿਟ ਕੇਵਲ ਆਪਣੀ ਪੁਸਤਕ ਦੀ ਹੀ ਪੂਰਕ ਹੈ। ਇਸ ਕੈਸਿਟ ਦਾ ਮਕਸਦ ਕੇਵਲ ਪੁਸਤਕ ਵਿੱਚ ਛਪੀਆਂ ਨੋਟੇਸ਼ਨਾਂ ਨੂੰ ਗਾ ਕੇ ਸਪਸ਼ਟ ਕਰਨਾ ਹੈ। ਕਿਉਂਕਿ ਕਿਸੇ ਦੂਜੇ ਵਿਅਕਤੀ ਲਈ ਨੋਟੇਸ਼ਨਾਂ ਨੂੰ ਸਹੀ ਰੂਪ ਦੇਣਾ ਬਹੁਤ ਮੁਸ਼ਕਲ ਹੁੰਦਾ ਹੈ।

ਮੇਰੀ ਪ੍ਰੋ. ਸਾਹਿਬ ਅੱਗੇ ਸਨਿਮਰ ਬਿਨੈ ਹੈ ਕਿ ਇੱਕ ਕੈਸਿਟ ਜਿਸ ਵਿੱਚ ਕੇਵਲ ਸਾਰੇ 31 ਰਾਗਾਂ ਦਾ ਸਪਸ਼ਟ ਰੂਪ ਸਵਰਾਂ ਦੁਆਰਾ ਜਿਸ ਵਿੱਚ ਅਰੋਹ-ਅਵਰੋਹ, ਪਕੜ, ਆਲਾਪ ਦੇ ਛੋਟੇ-ਛੋਟੇ ਟੁਕੜੇ ਵਿਸ਼ੇਸ਼ ਸਵਰ ਸੰਗਤੀਆਂ ਦਿਖਾ ਕੇ ਉਨ੍ਹਾਂ ਦੇ ਵਾਦੀ-ਸੰਵਾਦੀ ਸਵਰ ਨੂੰ ਸਪਸ਼ਟ ਕਰਕੇ ਗਾਇਆ ਹੋਵੇ, ਤਿਆਰ ਕਰਨ ਦੀ ਖੇਚਲ ਕਰਨ। ਇਹ ਉਨ੍ਹਾਂ ਦਾ ਸਾਰੇ ਰਾਗੀ ਸਿੰਘਾਂ ਤੇ, ਸੰਗਤਾਂ ਤੇ, ਅਤੇ ਹੋਰ ਸੰਗੀਤਕਾਰਾਂ ਤੇ ਬਹੁਤ ਵੱਡਾ ਉਪਕਾਰ ਹੋਵੇਗਾ ਕਿਉਂਕਿ ਆਪ ਜੀ ਰਾਗ ਨਿਰਣਾਇਕ ਕਮੇਟੀ ਦੇ ਮੈਂਬਰ ਵੀ ਹਨ ਇਸ ਲਈ ਆਪ ਜੀ ਦੁਆਰਾ ਤਿਆਰ ਕੀਤੀ ਗਈ ਐਸੀ ਕੈਸਿਟ ਰਾਹੀਂ ਜੋ ਰਾਗਾਂ ਬਾਰੇ ਮੱਤ ਭੇਦ ਹਨ ਉਹ ਦੂਰ ਹੋ ਸਕਣਗੇ। ਇਸ ਦੁਆਰਾ ਸ਼ਾਇਦ ਸਾਡੇ ਰਾਗੀ ਸਿੰਘ ਵੀ ਕੁਝ ਸਿੱਖਕੇ ਜੇਕਰ ਸੰਗਤਾਂ ਨੂੰ ਨਿਰਧਾਰਤ ਰਾਗਾਂ ਵਿੱਚ ਕੀਰਤਨ ਸੁਣਾ ਸਕਣ ਤਾਂ ਇਹ ਸੇਵਾ ਬਹੁਤ ਵੱਡੀ ਸਿੱਧ ਹੋਵੇਗੀ।

# ਪੁਸਤਕ ਸਮੀਖਿਆ


## ਡਾ. ਗੁਰਮੀਤ ਸਿੰਘ ਬੈਦਵਾਣ

ਪਿੰਡ ਬਾਸੀਆਂ ਬੇਦਵਾਣ ਡਾ. ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ (ਪੰਜਾਬ)


**ਪੁਸਤਕ** : ਰਹਿਮਤ ਦੀ ਝਲਕ **ਲੇਖਕ** : ਜੋਗਿੰਦਰ ਸਿੰਘ **ਪੰਨੇ** : 140

**ਕੀਮਤ** : 140 ਰੁਪਏ **ਪ੍ਰਕਾਸ਼ਕ** : ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਨਵੀਂ ਦਿੱਲੀ।

ਜ਼ਿੰਦਗੀ ਦੇ ਉੱਤਮ ਕਾਰਜਾਂ ਬਾਰੇ ਗੁਰਬਾਣੀ ਵਿੱਚ ਥਾਂ ਪੁਰ ਥਾਂ ਜਿਕਰ ਹੋਇਆ ਮਿਲਦਾ ਹੈ। ਪਰ ਕੁਝ ਵਿਰਲੇ ਪੁਰਸ਼ ਹੀ ਇਹਨਾਂ ਜਿਕਰਾਂ ਨੂੰ ਆਪਣੇ ਲਈ ਹੋਏ ਮੰਨ ਕੇ ਰੌਸ਼ਨ ਮਾਰਗਾਂ ਦੀ ਭਾਲ ਕਰਕੇ ਇਹਨਾਂ ਤੇ ਤੁਰਦੇ ਹਨ। ਸਰਦਾਰ ਜੋਗਿੰਦਰ ਸਿੰਘ ਜੀ ਅਜਿਹੇ ਹੀ ਸਖਸ਼ ਹਨ ਜਿਹਨਾਂ ਨੇ ਕਲਿਆਣਕਾਰੀ ਮਾਰਗ ਅਖਤਿਆਰ ਕੀਤਾ ਹੈ। ਉਹਨਾਂ ਦੀ ਕਾਰਗੁਜਾਰੀ ਮਨੁੱਖਤਾ ਦੇ ਭਲੇ ਖਾਤਰ ਕਿੰਨੀ ਕੁ ਲਗਨ ਹੈ, ਕਿ ਉਹਨਾਂ ਨੇ ਆਪਣੀ ਜੱਦੀ ਜਾਇਦਾਦ ਵੇਚ ਕੇ ਨਾਗਪੁਰ ਦੇ ਨੇੜੇ 'ਗੁਰਬਾਣੀ ਥੈਰੇਮੀ ਸੈਂਟਰ' ਵਿਕਾਸ ਕੀਤਾ ਹੈ। ਜੋਗਿੰਦਰ ਸਿੰਘ ਖਾਸ ਤੌਰ ਤੇ ਸਿੱਖ ਸੰਗਤ ਅਤੇ ਪ੍ਰਮਾਤਮਾ ਦੇ ਪ੍ਰੇਮੀ ਹਨ। ਜ਼ਿੰਦਗੀ ਦੇ ਵਰਤ ਵਿਹਾਰ ਵਿੱਚ ਸੇਵਾ ਅਤੇ ਸਿਮਰਨ ਦੇ ਪ੍ਰਸੰਗ ਨੂੰ ਉਹ ਗਾਹੇ ਬਗਾਹੇ ਪ੍ਰਗਟਾਉਂਦੇ ਰਹਿੰਦੇ ਹਨ। ਹੱਥਲੀ ਪੁਸਤਕ 'ਰਹਿਮਤ ਦੀ ਝਲਕ' ਉਹਨਾਂ ਦੀ ਜੀਵਨਸ਼ੈਲੀ ਦੀ ਨਿਸ਼ਾਨ ਦੇਹੀ ਕਰਦੀ ਹੈ।

ਕਾਵਿਰੰਗ ਲੈ ਕੇ ਆਈ ਇਸ ਪੁਸਤਕ ਵਿੱਚ ਜ਼ਿਆਦਾ ਆਤਮ ਰਸ ਘੁਲਿਆ ਪ੍ਰਤੀਤ ਹੁੰਦਾ ਹੈ। ਅਸਲ ਵਿੱਚ ਮਨੁੱਖ ਜਿਵੇਂ ਜਿਵੇਂ ਆਪਣੀ ਮੰਜਿਲ ਦੀ ਤਲਾਸ਼ ਵਿੱਚ ਅੱਗੇ ਵਧਦਾ ਜਾਂਦਾ ਹੈ ਉਹ ਉੱਨਾਂ ਹੀ ਇਸ ਪ੍ਰਤੀ ਗੰਭੀਰ ਹੁੰਦਾ ਹੋਇਆ ਇਸ ਦੀ ਪ੍ਰਾਪਤੀ ਦੀ ਸੋਚ ਵਿੱਚ ਡੂੰਘਾ ਉਤਰਦਾ ਜਾਂਦਾ ਹੈ। ਇਸੇ ਕਰਕੇ ਜੋਗਿੰਦਰ ਸਿੰਘ ਸੱਚ ਦੇ ਕੇਂਦਰ ਬਿੰਦੂ (ਪ੍ਰਮਾਤਮਾ) ਦੀ ਤਲਾਸ਼ ਵਿੱਚ ਇਸ ਪੁਸਤਕ ਰਾਹੀਂ ਬਾਹਰਮੁਖੀ ਦੀ ਥਾਂ ਅੰਤਰਮੁਖੀ ਜ਼ਿਆਦਾ ਹੋ ਗਏ ਜਾਪਦੇ ਹਨ। ਇਹਨਾਂ ਲਿਖਤਾਂ ਵਿੱਚ ਭਾਈ ਵੀਰ ਸਿੰਘ ਵਾਲੀ ਰਹੱਸਵਾਦੀ ਪ੍ਰਵਿਰਤੀ ਛਾਈ ਪਈ ਹੈ। ਅਧਿਆਤਮਕ ਵਿਚਾਰਧਾਰਾ ਜਿਵੇਂ ਆਪਣੇ ਆਪ ਲਈ ਪੇਸ਼ ਕੀਤੀ ਹੋਵੇ ਅਜਿਹਾ ਭੁਲੇਖਾ ਲਗਦਾ ਹੈ। ਉਂਝ ਭਾਵੇਂ ਇਹ ਸਭ ਕੁਝ ਆਮ ਮਨੁੱਖ ਲਈ ਆਦਰਸ਼ਵਾਦੀ ਪ੍ਰਚਾਰ ਹੀ ਹੈ। ਲੇਖਕ ਨੇ ਪੁਸਤਕ ਵਿੱਚ ਰੂਹਾਨੀਅਤ ਦਾ ਸਫਰ, ਇਸ਼ਕ ਹਕੀਕੀ ਤੇ ਮਿਜਾਜੀ ਅਤੇ ਬਾਬਾ ਫਰੀਦ ਵਰਗੀ ਬਿਰਹੋਂ ਦੇ ਸੰਵੇਦਨਸ਼ੀਲ ਮੁੱਦੇ ਛੇੜੇ ਹਨ। ਅਜਿਹੇ ਵਿਚਾਰ ਵਿਮਰਸ਼ ਮੌਕੇ ਲੇਖਕ ਆਪਣੀ ਲਿਖਤ ਨਾਲ ਇਸ ਤਰ੍ਹਾਂ ਇੱਕ ਮਿੱਕ ਹੋ ਜਾਂਦਾ ਹੈ ਕਿ ਸਾਰਾ ਵਰਤਾਰਾ ਉਸ ਦੀ ਸੰਵੇਦਨਸ਼ੀਲ ਸਖਸ਼ੀਅਤ ਦਾ ਇੱਕ ਹਿੱਸਾ ਹੀ ਜਾਪਦਾ ਹੈ।

ਗੁਰਬਾਣੀ ਦੀ ਤਰਜ਼ ਤੇ ਅੰਮ੍ਰਿਤ ਵੇਲੇ ਦੀ ਵਡਿਆਈ ਕਰਦਿਆਂ ਲੇਖਕ ਪੂਰਬੀ ਪੱਛਮੀ ਕਰਮਸ਼ੀਲਤਾ ਦੇ ਸੰਜੋਗ ਵਿੱਚੋਂ ਸ਼ੁਭ ਕਰਮਾਂ ਦੀ ਲੋਚਾ ਰੱਖਦਾ ਹੈ। ਮਨੁੱਖੀ ਜਜਬਿਆਂ ਦਾ ਪ੍ਰਕਿਰਤੀ ਸੰਗ ਮੇਲ ਕਰਵਾਕੇ ਮਨੁੱਖੀ ਸੋਚ ਦਾ ਘੇਰਾ ਵਿਸ਼ਾਲਤਰ ਕਰਦਿਆਂ ਉਹ ਅੰਬਰੀਂ ਉਡਾਰੀਆਂ ਲਾਉਂਦਾ ਹੈ। ਆਜ਼ਾਦ ਫਿਜ਼ਾ ਵਿੱਚ ਵਿਚਰਨ ਲਈ ਮਨੁੱਖੀ ਆਜ਼ਾਦੀ ਲਈ ਆਪਣੀ ਭਾਵੁਕਤਾ ਦਾ ਵਾਸਤਾ ਪਾਉਂਦਾ ਹੈ। ਪ੍ਰੀਤਮ ਸਿੰਘ ਸਫੀਰ ਵਾਂਗੂੰ ਕੈਦਾਂ ਹਦਬੰਦੀਆਂ ਮੁਕਾਉਣ ਲਈ ਸੁਪਨਿਆਂ ਦੇ ਬੀਜ ਬੀਜਦਾ ਹੈ। ਇਸਦੇ ਫਲ ਦੀ ਪ੍ਰਾਪਤੀ ਲਈ ਪੂਰੀ ਤਰ੍ਹਾਂ ਆਸਵੰਦ ਹੈ। ਜਦੋਂ ਕਿ ਅਜੋਕਾ ਮਨੁੱਖ ਮਾਇਆ ਦੀ ਪੋਟਲੀ ਲੈ ਕੇ ਹਉਮੈਂ ਦੀ ਡੂੰਘੀ ਹਨੇਰੀ ਖੱਡ ਵਿੱਚ ਉਤਰ ਗਿਆ ਹੈ। ਪਤਾ ਨਹੀਂ ਲੇਖਕ ਦਾ ਸੁਪਨਾ ਕਦੋਂ ਸਾਕਾਰ ਹੋਵੇਗਾ? ਕਿਉਂਕਿ ਹਨੇਰੀ ਖੱਡ ਵਿੱਚ ਚਾਨਣ ਹੋਣਾ ਨਹੀਂ ਤੇ ਮਨੁੱਖ ਨੇ ਇਸ ਨੂੰ ਰਾਤ ਸਮਝ ਕੇ ਆਪਣੇ ਸੁਪਨੇ ਤੋਂ ਕਦੇ ਜਾਗਣਾ ਨਹੀਂ।

ਕਵੀ ਹੋਣ ਨੂੰ ਬੇਬਸੀ ਦਾ ਸਿਤਮ ਦੱਸਦਾ ਹੈ ਪਰ ਜੇ ਮਨੁੱਖ ਇਸ ਲਈ ਪਹਿਲਾਂ ਹੀ ਤਿਆਰ ਰਹੇ ਤਾਂ ਇਸ ਸਹਿਜ ਵਿੱਚੋਂ ਦੁੱਖ ਨਹੀਂ ਉਪਜਦਾ ਜਿਵੇਂ ਕਬੀਰ ਜੀ ਕਹਿੰਦੇ ਹਨ :

*ਜਿਸ ਮਰਨੇ ਤੇ ਜਗੁ ਡਰੈ ਮੇਰੇ ਮਨ ਅਨੰਦ।*
*ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦ॥*

ਪੁਸਤਕ ਵਿੱਚ ਇਸ਼ਕ ਮਿਜਾਜੀ ਤੇ ਇਸ਼ਕ ਹਕੀਕੀ ਦਾ ਰਲਗਡ ਹੋਇਆ ਮਿਲਦਾ ਹੈ। ਇੱਕ ਸੱਚੇ ਦੀ ਟੇਕ ਵਿੱਚ ਦੋਹਾਂ ਤਰ੍ਹਾਂ ਦਾ ਕਮਾਇਆ ਇਸ਼ਕ ਸਫਲ ਹੈ। ਇਸ਼ਕ ਮਿਜਾਜੀ ਵਿੱਚੋਂ ਇਸ਼ਕ ਹਕੀਕੀ ਦਾ ਉਪਜ ਪੈਣਾ ਅਸੀਸ ਬਿੰਦੂ ਦੀ ਤਲਾਸ਼ ਦਾ ਹੀ ਮਾਰਗ ਹੈ।

ਲੇਖਕ ਦਾ ਵਿਚਾਰ ਹੈ ਕਿ ਜੋ ਹੋਰਨਾਂ ਨੂੰ ਮੱਤਾਂ ਦੇਂਦਾ ਹੈ ਤੇ ਆਪ ਉਨ੍ਹਾਂ ਤੇ ਅਮਲ ਨਹੀਂ ਕਰਦਾ ਉਹ ਜਨਮ ਮਰਨ ਦੇ ਗੇੜ ਵਿੱਚ ਫਸਦਾ ਹੈ। ਜਾਪਦਾ ਹੈ ਲੇਖਕ ਨੇ ਆਪਣੀ ਕਾਰਜਵਿਧੀ ਨੂੰ ਇਸ ਹੱਦ ਤੱਕ ਪਾਰਦਰਸ਼ੀ ਕਰ ਲਿਆ ਹੈ ਕਿ ਉਹ ਅੰਦਰੋਂ ਬਾਹਰੋਂ ਸਾਫ ਸੁਥਰੇ ਹੋ ਤੁਰੇ ਹਨ। ਉਹਨਾਂ ਦੀ ਇਹ ਪੁਸਤਕ ਵੀ ਇਸ

ਸੁਥਰੇ ਹੋ ਤੁਰੇ ਹਨ। ਉਹਨਾਂ ਦੀ ਇਹ ਪੁਸਤਕ ਵੀ ਇਸ ਗੱਲ ਦੀ ਜਾਮਨੀ ਭਰਦੀ ਹੈ ਕਿਉਂਕਿ ਰਹੱਸਵਾਦ ਅਤੇ ਬਿਰਹਾ ਬਾਹਰੀ ਵਿਖਾਵਿਆਂ ਵਿੱਚੋਂ ਨਹੀਂ ਉਪਜਦੇ।

ਲੇਖਕ ਨੇ ਪੁਸਤਕ ਵਿੱਚ ਅਜਿਹੇ ਇਸ਼ਾਰੇ ਕੀਤੇ ਹਨ ਕਿ ਆਪਣਾ ਜੀਵਨ ਗੁਰਉਪਦੇਸ਼ ਅਨੁਸਾਰ ਢਾਲਣ ਨਾਲ ਹੀ ਅਧਿਆਤਮਕ ਇਸ਼ਾਰੇ ਸਮਝ ਆਉਂਦੇ ਹਨ। ਇਹਨਾਂ ਦੇ ਅਰਥਾਂ ਦੀ ਗਹਿਰਾਈ ਸਮਝ ਆਉਂਦੀ ਹੈ। ਕਈ ਕਵਿਤਾਵਾਂ ਜਿਵੇਂ 'ਉਲਟੀ ਮਤ ਦਾ ਜਗਤ ਪਸਾਰਾ' ਵਿੱਚ ਗੁਰਉਪਦੇਸ਼ ਦੇ ਪ੍ਰਚਾਰ ਹਿਤ ਸੰਕੇਤਕ ਵਰਤਾਰਾ ਹੈ। ਇਹ ਕਵਿਤਾ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ 'ਕੂੜ ਅਮਾਵਸ ਸਚ ਚੰਦਰਮਾਂ ਦੀਸੈ ਨਾਹੀ ਕਹਿ ਚੜ੍ਹਿਆ' ਤੇ ਅਧਾਰਤ ਹੈ। ਗਿਆਨ ਦੇ ਪ੍ਰਕਾਸ਼ ਨੂੰ ਲੇਖਕ ਨਿਰਾਲਾ ਚਾਨਣ ਦੱਸਦਾ ਹੈ ਜੋ ਕਿ ਸਦੀਵੀ ਸੱਚ ਹੈ।

ਜੋਗਿੰਦਰ ਸਿੰਘ ਜੀ ਨੇ ਗੁਰਮਤਿ ਪ੍ਰਚਾਰ ਹਿਤ ਜਿਸ ਕਦਰ ਆਪਣੇ ਆਪ ਨੂੰ ਸਮਰਪਿਤ ਕੀਤਾ ਹੈ, ਉਸ ਵਿੱਚੋਂ ਮਨੁੱਖੀ ਕਲਿਆਣ ਝਲਕਦਾ ਹੈ। ਪੁਸਤਕ ਵਿੱਚ ਭਾਵੇਂ ਰਹੱਸਵਾਦ ਭਾਰੂ ਹੈ ਪਰ ਸ਼ਬਦਾਵਲੀ ਉੱਨੀ ਗੁੰਝਲਦਾਰ ਨਹੀਂ। ਉਹਨਾਂ ਦੇ ਸੁਝਵਾਨ ਤੇ ਗੁਪਤ ਉਪਰਾਲੇ ਸਾਰਥਕ ਕਾਰਜਾਂ ਦੇ ਅਰੰਭੇ ਜਾਣ ਲਈ ਨੀਂਹ ਤੇ ਉਸਾਰ ਬਣਨ ਦੀ ਸਮਰੱਥਾ ਰੱਖਦੇ ਹਨ।


ਗੁਰ ਸੇਵਾ ਤੇ ਹਰਿ ਨਾਮੁ ਪਾਇਆ ਬਿਨੁ ਸਤਿਗੁਰ ਕੋਇ ਨ ਪਾਵਣਿਆ॥

HELP NEEDY

ਸੇਵਕਸ' ਚੈਰੀਟੇਬਲ ਟਰਸਟ (ਰਜਿ.)

ਐਸ. ਸੀ. ਓ. 1104-05, ਸੈਕਟਰ 22-ਬੀ, ਚੰਡੀਗੜ੍ਹ

PHONES : 701238, 713915, 701396

IN THE SERVICE OF HUMANITY



Treat yourself with

PIZZAS

& BURGERS

much more

Coca-Cola

Only at

Hot millions

office and home delivery

CHD 723333 PKL 579888 MOH 264300

# Role Of Music & Melody In Sikhism

Ravindra Mohan Chopra

Music has occupied a prominent place in Sikhism right from the beginning. The spiritual and devotional aspect of music were clearly recognised by Guru Nanak who - in line with the *Sufi*, Saints and *Vaishnavas* of *Bhakti* movements - looked upon devotional music as the best means to disseminate basic moral truths. In spiritual terms music would induce ecstasy of union with the Divine. In Guru Granth Sahib the hymns of of the Hindu Saints and Muslim *Sufis*, along with those of the Gurus which consist of wide-ranging mystical emotions, full of love divine and rapturous in effects are set to music. Sikhism, as a religion, has perhaps the unique distinction of using melody as its chief instrument to attune the mind of the faithful to have communication with the Supreme Being.

According to Guru Nanak, the chief inspiration of music is the love of God and its object is to attain union with Him. In its devotional aspect music is envisioned as the effort of the soul to transcend itself and find union with the Lord; it is considered as the source of divine enlightenment.

His ***Japji Sahib*** - the Meditation, consisting of 38 hymns of morning prayer to God, establishes the superemacy of the Lord over the universe which is controlled and directed by His Will - or *Hukum*.

In Sikhism God is not an abstraction but an actuality. He is the Absolute Truth, formless, *nirguna*, eternal, infinite, beyond human comprehension but a reality.

In ***Japji Sahib***, Guru Nanak sings about the Absolute Truth as follows:

*saca sahib sac nao bhakhya bhau apar*
The Lord is the Truth Absolute.
True is His name.
His language is love infinite;
His creatures ever cry to Him;
Give us more, O Lord, give us more;
The Bountenous One gives unwearyingly.[1]

Again He sings the glory of the Formless One in the following words:

*thapia na jae kita na hoe*
He cannot be installed like an idol.
Nor can man shape His likeness.
He made Himself and maintains Himself
On His heights unstained for ever;
Honoured are they in His shrine
Who meditate upon Him.
Sing thou, O Nanak the psalms
Of God as the treasury
Of sublime virtues.[2]

The wondrous Lord is great giver and bounteous about which Guru Nanak says -

*bahuta karam likhia na jae*
Of His bounty one cannot write enough;
He is the great Giver who covets nothing.
How many mighty warriors beg at His door
How many others in numbers beyond reckoning.[3]

***Asa-Di-Var***, composed by Guru Nanak may be said to be the 'Music of Soul'. When the love of God thrills the heart everything becomes sublime to the senses and the soul yearns for reunion with the Lord. Channting of hymns not only helps in purifying the heart but also brings about

peace, contenment and tranquility.

In ***Asa-Di-Var***, Guru Nanak says:

*daya kapah santokh sut*

Out of the thread of contentment,
Tie the knot of continence,
Give it the twist of virtues;
Make such a sacred thread,
O Pundit, for your inner self.[4]

Again He says only that love is real which leads a man to the Lord.

*jalo aisi rit jis mai pyara visrai*

Give up the ways that turn thee away from God,
Nanak only that love is real
Which leadth men to the Lord.[5]

Guru Nanak further expounds that lust and wrath, which are common to men and animals, only waste the body and one should rid of them if one has to obtain the grace of the Almighty. He says:

*kam krodh kaya ko gale*

Lust and wrath waste body
As borax melts the gold
But the gold that can stand the test of fire
Is valued highly by the goldsmith
So it is with the souls
Man is an animal, egoism is the butcher
In the hands of the Creator
Is the saving grace[6]

The above hymns when sung to music purify the heart and also brings about peace and contentment.

Sikhism connotes a viable practical moral discipline requiring its adherents to glorify, adore and always remember God.

In the following ***Arti*** - worship with the lamps - Guru Nanak sings of different attributes of the Lord and earnestly yearns to seek His lotus feet so that he may attain absolute tranquil state under the protection of His Name.

*gagan mai thal ravi cand dipak bnai*

The firmament is Thy salver -
The sun and the moon Thy lamps;
The galaxy of stars are pearls scattered
The woods of sandal are Thine incence
The breezes blow Thy fan
The flowers of the forests
Lie as offerings at Thy feet
What wonderful worship with lamps is this
O Thou destroyer of fear
Unstruck Music is the sound of Thy temple drums
Thousands are Thine eyes,
And yet Thou has no eyes;
Thousands are Thy shapes,
And yet Thou hast no shape;
Thousands are Thy holy feet,
And yet Thou hast not one foot;
Thousands are Thy noses
And yet Thou hast no nose.
All this is Thy play - that bewitches me.
In every heart there is light;
That light art Thou.
By the light that is of God Himself
Is every soul illumined;
But this divine light becomes manifest
Only by the Guru's teachings.[7]

Maharishi Debendra Nath Tagore, father of Rabindra Nath Tagore was in Punjab during 1860s. He is said to have regularly attended morning and evening services at the Golden Temple, Amritsar. He writes in his autobiography that the above mentioned

*'Arti'* - *gagan mai thal* - so intoxicated him with God-realization, that he was impelled to introduce it among *Brahmos* in Bengal and elsewhere.

Guru Nanak believed in *kirtan* as the means of self-realization as well as God-realization. He laid greater emphasis upon *kirtan*, chanting of the Holy *Naam*. He taught that Gods's name should be sung in all humility as the Divine Name is the spirit of God and enlightner and purifier of the soul.

According to him, the Divine Name is an agency of God and uttering the Divine Name can be regarded as a means for the realization of God. In *Japji Sahib*, he has sung:

*suniai siddh pir surnath*
By hearkening to the name
The diciple becomes a Master,
A guide, a saint, a seraph;
By hearkening to the Name
The earth, the bull that bears it
And the heavens are unveiled.[8]

*Gurbani kirtan* is usually accompanied by instrumental music which not only provides rhythm and harmony but also enables the devotees to quickly intensify their feelings to the remembrance of the Divine.

In religion, music is holy and inspires sacred sentiments and feelings in the minds of those who perform and those who listen and enjoy it.

Guru Arjun Dev, fifth Guru of the Sikhs. accorded prime importance and preferred congregational music to all other religious practices. He composed ***The Sukhmani Sahib*** - The Hymn of Peace. According to him music is considered to have some magic power which clears the mind and brings the devotee's heart close to the Lord. In the *Sukhmani Sahib* the Guru exhorts that to remember the Lord is the highest religious duty of a man, and he should pray to rid himself of lust wrath, greed and attachment, and only then can he be true and pure in heart and speech and can become a *Brahm-gyani*. He says:

*prabh ka simran sabh te uca*
To remember the Lord is the highest religious duty.
By remembering the Lord many, very many have been saved.
The remembrance of God quencheth the body's desires.
And in the remembrance of the Lord man knoweth all mysteries.

ASTUPADI, 1 PAURI, 4[9]

*kam krodh ar lobh moh. bins jue ahimev*
O Lord, Nank hath taken refuge in Thee
Through Thy Grace, O Divine Guru drive
Lust, wrath, greed, attachment, self-love, from his heart.

ASTUPADI 6, SLOK 1[10]

*man saca mukh saca soe*
He who is true in heart and speech, who seeth none but the One Lord, Such a one, Nanak is *Brahm-gyani.*

ASTAPUDI 8, SLOK 1[11]

In congregational music, chanting of the Holy *Naam* removes all inhibitions in individuals and awakens dormant powers of the soul body and mind.

It helps in strengthening the bonds of felowship and understanding and begets

Love Divine. It also helps individuals to attain personal piety and self-redemption and enables them to reach that ecstatic state of mind - The Sublime Bliss - where the devotees feel that the Lord Himself is present.

All the Sikh Gurus have sung hymns in praise of the Almighty Lord. In the Dasam Granth, the Granth of the tenth Guru, Guru Govind Singh has sung hymns in praise of Lord in the following words:

*nam tham na jat jakar rup rang na rekh*

He has no name, no dwelling-place, no caste
He has no shape, or colour, or outer limits
He is the Primal Being. Gracious and Benign
Unborn ever Prefect and Eternal
He is of no nation, and wears no distinguishing garb
He has no outer likeness, He is free from desire
To the east or to the west
Look where you may
He pervades and prevails
As love and Affection

JAAP 80[10]

The Singing of God's glory, with devotion and dedication soothes the nerves, releases tension and generates a sense of joy and happiness.

In *Gurbani Kirtan* there is a variation if compared to the *Kirtan* of the *Vaishnavas* Here, the Holy *Naam* is chanted by accomplished musicians in the *Ragas* in which the hymns of the Gurus were originally composed and the *Kirtan* could go on for hours. The other devotees sit and listen to the chanting of *Naam* and concentrate their attention on the Holy Word, or the saying of the Gurus which are sung, and their spiritualising meaning. This type of *Kirtan* is more akin to the Muslim *Qawwalies* which are sung in praise of the Lord, especially in the *Sufi* shrines. *Ragis* are held in high veneration by the Sikhs. In this process the entire assembly of *Ragis* by singing the glory of *Naam* and the *Sangat* (the devotees) by listening to it, tries to free itself from worldly cravings and tries to attain *Samadhi* (absorption) where the devotee is one with God albeit for a short time, which according to Guru Nanak, is the ultimate objective of the *Kirtan* - Unity with the Divine.

The Sikh Gurus made some important improvements in the technique of music. Guru Nanak is said to be the inventor of the *Rabab*. Guru Amardas of *Saranda*, or Indian violin, and Bhai Kahan Singh the court musician of Patiala of the *Taoos*, or peacock-faced guitar. Guru Nanak also introduced Persian melodies such as *Kafi*, *Tukhari* and *Dakhnee* among the Sikhs Guru Arjun Dev introduced *Chauki* or quartet system of music,

Vocal music accompanied by instrumental, has always been more keenly appreciated by the Sikhs than purely instrument music. Their ardent taste for hymns sung by the Gurus and divine poetry has determined the instrumental accompaniment usually funished by the harmonium, pair of *tablas* and sometimes *Rabab*, *Duff* (tambourine), *Chimta*. *Ek-tara*

and flute which strengthen the rhythm. The most important musical form is *Shabad Kirtan* which forms part of all types of conregations of the Sikhs, whether in the Gurudwaras or in home.

Music was not confined to congregations in the Gurudwaras or social gatherings alone but also played a important part in the military display of the Sikhs. The military band which was usually restricted to the beating of drums, kettledrums and cymbals in olden days was, and continues to remain, with improvisations, an integral part of martial display of the Sikhs, It inspires the Sikh warriors and enthuses them to fight bravely, spiritedly, courageously and with fortitude in the service of the faith and on path of righteousness.

**References**


1. Selections from The Sacred Writings of The Sikhs. Terecentenary Edition, translated into English by Dr. Trilochan Singh and others published by Orient Longman 2000.
2. Ibid.. p-31.
3. Ibid.. p-42.
4. Ibid.. p-92.
5. Ibid.. p-95.
6. Ibid.. p-98.
7. Ibid.. p-61.
8. to
11. Ibid.. p-33.


*Courtesy*
The Sikh Review

ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ
ਪਰ ਕਿਸੇ ਮਜਬੂਰੀ ਕਾਰਨ ਚੰਦਾ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ।
ਅਸੀਂ ਤੁਹਾਨੂੰ ਇੱਕ ਸਾਲ ਲਈ 'ਅੰਮ੍ਰਿਤ ਕੀਰਤਨ' ਮੁਫਤ ਭੇਜਦੇ ਰਹਾਂਗੇ।


Kalmi Chicken
Ho Ya Phir Balti Daal,
You Can Have It All!



at
Noor Restaurant



Give a lavish treat to your tastebuds with lip smacking vegetarian/non-vegetarian multi cuisine
Relish tempting rumaali roti and tandoori delights.
Nutritious health food for the diet conscious.
All this comes from our clean and hygienic kitchen

Hotel Pankkaj

S.C.O. 8 -802, Sector 22 (Opp. Shivalikview), Chandigarh Phone: 709891-92

# Strains of Silence

## Ashish Sharma

Imagine an ethos with a myriad hues that defies definitive description. Now imagine a single musical instrument that captures and reverberates with the soul of this ethos. If Inida be a *raaga*, it can only be brought to life in the many voices of the sarangi, or saurangi (hundred-coloured) as it was once called. The sarangi is not merely an instrument, it is a treasure trove of sounds sweets and solemn, joyous and melancholic, introspective and reflective. Little wonder then that the closest approximation music means different things to different people.

Some associate it with the official strains of a nation in mourning remember the pre-cable days when some national leader or the other passed away and Doordarshan and All India Radio dished out little else for days together? Just as the shehnai signals joy and festivity, the sarangi has come to be associated with gloom. Equally enduring, and far more rational, however, is its association with forbidden delights in colorful *Kothas* after sundown. The musically mesmerising *bais* performing to the eternal appreciation of connoisseurs, form perhaps the most lasting images of the institution of the *tawaif* that sustained and nurtured classical Indian music until its post-Partition disarray.

It was at the *kothas*, or the courtesans' dwellings, at the time when they were veritable temples of music, that the sarangi players found ready employment. "In its heyday, the sarangi was the instrument most in demand and its esponents were called ustads because they used to be the gurus of the *tawaifs*," reminds Pandit Ram Narayan, the maestro who transformed the sarangi into a solo instrument. "In those days, the sarangi players used to be so learned that they could teach the vocalists a thing or two."

True In fact, great masters Ustad Abdul Karim Khan, Ustad Bade Ghulam Ali Khan and Ustad Amir Khan all started out as sarangi players and gradually evolved into vocalists. Ustad Bandu Khan, Ustad Shakoor Khan, Pandit Gopal Mishra and Ustad Bade Sabri Khan Ambalawaale, however, remained faithful to their instrument and also became celebrities in their own right. Time came when the sarangi players vied with the vocalists in the popularity sweepstakes. The showdown was inevitable.

In a brush that has passed into musical folklore, Ustad Bade Ghulam Ali Khan became furious when his accompanist Ustad Shankoor Khan won applause in his presence. Then it was only a matter of time before the great vacalist would give up on the sarangi as an accompanying instrument. Ustad Amir Khan similarly shunned the sarangi. Though Pandit Ram Narayan came to be accepted as a solo instrumentalist in this very period, more and more vocalists started switching to the harmonium for accompaniment.

Says acclaimed sarod exponent Sharan Rani- "The vocalists began to avoid sarangi players simply because most sarangi players used to forget that they were there to provide accompaniment. The discipline necessary for accompaniment was grossly lacking. The sarangi players started competing with the main artistes. If you are

the main artiste and somebody disturbs you, your creative process is wrecked. So the sarangi players have only themselves to blame for their decline. Bhimsen Joshi and Jasraj to name just two contemporary vocalists, prefer the harmonium to the sarangi."

It is not just the vocalists, though, who have made the switch. Ghazal singer Jagjit Singh, for instance, prefers the violin to the sarangi, and the same is true for most ghazal and semi-classical singers. Sharan Rani agrees that promoting the harmonium and other instruments at the cost of the sarangi is only hurting the music. "The harmonium is suitable only for filling the gaps in a musical recital while the sarangi supplies minute details -*harmonium waale ko tau sirf raunak ke liye baitha lete hain* (the harmonium player is invited just to provide company)."- she admits.

At a time when sarangi players find little patronage outside the various stations of All India Radio, not many youngsters are opting for the instrument. Apart from Pandit Ram Narayan, who gave up accompaniment, and of late his association with the Hindi film Industry, to concentrate on solo recitals, the only other solo artiste is Ustad Sultan Khan. And Khan Saheb too appears in most concerts as an accompanist. Then there is the great vocalist Ustad Wahid Khan, who somehow never caught the fancy of the glamour-struck concert circuit. The state of affairs can also be gauged from the fact that Brij Narayan, Panditji's son, learned the sarod instead of the instrument that earned his father a place in the pantheon of all-time greats.

Another reason for the decline is the degree of difficulty the instrument poses for a learner. "The sarangi is perhaps the most difficult of Indian instruments to master, "says film composer Khayyam, whose score for Muzaffar Ali's *Umrao Jaan* remains memorable for the haunting use of the sarangi to evoke the era of the fabled courtesan. "Unlike the sitar, there are no frets, which means every note has to be extracted from a thin string. Its is extermely difficult to even tune the sarangi. *Seekhna, bajaana, milaana sabhi mushkil hain* (learning, playing tuning are all difficult to accomplish). No wonder so few people are learning the sarangi now."

Khayyam belongs the generation of composers that made extensive use of classical music. "Since noise has replaced music in films, the sarangi has little place now. Earlier, most music directors, including Roshan, Madan Mohan, Jaidev, O.P. Nayyar and Naushad relied on classical music, and hence the sarangi. I have myself used it not only for sad songs but also for romantic compositions and even *bhajans, 'Suniyo araj hamari Prabhuji"*, for instance, has Pandit Ram Narayan on the sarangi, In *'Ai Dil-e Naadan'* in *Razia Sultan,* I used a dozen sarangis in an 100 piece orchestra.

Even now, the sarangi may be heard on the radio or employed to evoke the bygone era, but that's a far cry from the sitar and the sarod which are attracting more youngsters than ever. Much like the veena, the sarangi has a glorious past but the future seems hopelessly uncertain. Listen to the evening melody Marwa on, what else, the sarangi for a musical comment on the state of the art.

*Curtsey*: The Indian Express

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

## ਮਨਮੋਹਨ ਸਿੰਘ

| ਭੈਰਉ ਮਹਲਾ ੫॥ | Bhairo 5th Guru. | ਭੈਰਉ ਪੰਜਵੀਂ ਪਾਤਿਸ਼ਾਹੀ |
|---|---|---|
| ਤੇਰੀ ਟੇਕ ਰਹਾ ਕਲਿ ਮਾਹਿ॥ | By Thine support, live I in this Dark age, O my Lord. | ਤੇਰੇ ਆਸਰੇ ਦੁਆਰਾ ਹੀ ਮੈਂ ਇਸ ਕਾਲੇ ਸਮੇਂ ਅੰਦਰ ਰਹਿੰਦਾ ਹਾਂ, ਹੇ ਮੇਰੇ ਪ੍ਰਭੂ! |
| ਤੇਰੀ ਟੇਕ ਤੇਰੇ ਗੁਣ ਗਾਹਿ॥ | Through Thy prop, sing I Thine praises. | ਤੈਂਡੇ ਆਸਰੇ ਰਾਹੀਂ ਮੈਂ ਤੇਰੀਆਂ ਸਿਫ਼ਤਾਂ ਗਾਇਨ ਕਰਦਾ ਹਾਂ। |
| ਤੇਰੀ ਟੇਕ ਨ ਪੋਹੈ ਕਾਲੁ॥ | In Thine sanctuary, death can harass me not. | ਤੇਰੀ ਸ਼ਰਣਾਗਤ ਅੰਦਰ, ਮੌਤ ਮੈਨੂੰ ਦੁਖ ਨਹੀਂ ਦੇ ਸਕਦੀ। |
| ਤੇਰੀ ਟੇਕ ਬਿਨਸੈ ਜੰਜਾਲੁ॥੧॥ | Through Thy protection, the involvement are past. | ਤੇਰੀ ਪਨਾਹ ਰਾਹੀਂ, ਪੁਆੜੇ ਮੁਕ ਜਾਂਦੇ ਹਨ। |
| ਦੀਨ ਦੁਨੀਆ ਤੇਰੀ ਟੇਕ॥ | In this world and the next-one, I have Thine support. | ਇਸ ਲੋਕ ਅਤੇ ਪ੍ਰਲੋਕ ਵਿੱਚ, ਮੈਨੂੰ ਤੇਰਾ ਹੀ ਆਸਰਾ ਹੈ। |
| ਸਭ ਮਹਿ ਰਵਿਆ ਸਾਹਿਬੁ ਏਕ॥੧॥ | Amongst all is contained the One Lord. | ਸਾਰਿਆਂ ਅੰਦਰ ਇੱਕ ਪ੍ਰਭੂ ਹੀ ਸਮਾਇਆ ਹੋਇਆ ਹੈ। |
| ਰਹਾਉ॥ | Pause. | ਠਹਿਰਾਉ। |
| ਤੇਰੀ ਟੇਕ ਕਰਉ ਆਨੰਦ॥ | Leaning on Thee, make I merry. | ਤੇਰਾ ਆਸਰਾ ਲੈ, ਮੈਂ ਮੌਜਾਂ ਮਾਣਦਾ ਹਾਂ। |
| ਤੇਰੀ ਟੇਕ ਜਪਉ ਗੁਰ ਮੰਤ॥ | Leaning on Thee, utter I the Guru's word. | ਤੇਰਾ ਆਸਰਾ ਲੈ, ਮੈਂ ਗੁਰਾਂ ਦੀ ਬਾਣੀ ਉਚਾਰਨ ਕਰਦਾ ਹਾਂ। |
| ਤੇਰੀ ਟੇਕ ਤਰੀਐ ਭਉ ਸਾਗਰੁ॥ | Leaning on Thee, the terrible world ocean is crossed. | ਤੇਰੇ ਆਸਰੇ ਭਿਆਨਕ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਈਦਾ ਹੈ। |
| ਰਾਖਣਹਾਰੁ ਪੂਰਾ ਸੁਖ ਸਾਗਰੁ॥੨॥ | Perfect God, the ocean of bliss, is my saviour. | ਖ਼ੁਸ਼ੀ ਦਾ ਸਮੁੰਦਰ ਪੂਰਨ ਵਾਹਿਗੁਰੂ, ਮੇਰਾ ਰਖਵਾਲਾ ਹੈ। |
| ਤੇਰੀ ਟੇਕ ਨਾਹੀ ਭਉ ਕੋਇ॥ | Leaning on Thee, I am rid of all fears. | ਤੇਰੀ ਪਨਾਹ ਲੈਣ ਦੁਆਰਾ, ਮੈਂ ਸਾਰਿਆਂ ਡਰਾਂ ਤੋਂ ਖ਼ਲਾਸੀ ਪਾ ਗਿਆ ਹਾਂ। |
| ਅੰਤਰਜਾਮੀ ਸਾਚਾ ਸੋਇ॥ | He the True Lord, is the searcher of hearts. | ਉਹ ਸੱਚਾ ਸੁਆਮੀ, ਦਿਲਾਂ ਦੀਆਂ ਜਾਣਨਹਾਰ ਹੈ। |
| ਤੇਰੀ ਟੇਕ ਤੇਰਾ ਮਨਿ ਤਾਣੁ॥ | Within my mind is Thine prop and power. | ਮੇਰੇ ਚਿਤ ਅੰਦਰ ਤੇਰਾ ਆਸਰਾ ਅਤੇ ਸਤਿਆ ਹੈ। |
| ਈਹ ਊਹਾਂ ਤੂ ਦੀਬਾਣੁ॥੩॥ | Here and there Thou alone art my court of appeal. | ਏਥੇ ਅਤੇ ਉਥੇ ਤੂੰ ਹੀ ਅਪੀਲ ਦੀ ਕਚਹਿਰੀ ਹੈਂ। |
| ਤੇਰੀ ਟੇਕ ਤੇਰਾ ਭਰਵਾਸਾ॥ | Thou, O Lord art my support and Thou my faith. | ਤੂੰ ਹੇ ਸਾਂਈ! ਮੇਰਾ ਆਸਰਾ ਹੈਂ ਅਤੇ ਤੂੰ ਹੀ ਮੇਰਾ ਈਮਾਨ। |
| ਸਗਲ ਧਿਆਵਹਿ ਪ੍ਰਭ ਗੁਣਤਾਸਾ॥ | All meditate on Lord, the Treasure of virtue. | ਸਾਰੇ ਹੀ ਨੇਕੀਆਂ ਦੇ ਖ਼ਜ਼ਾਨੇ ਸੁਆਮੀ ਦਾ ਸਿਮਰਨ ਕਰਦੇ ਹਨ। |
| ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ॥ | Pondering and reflecting over Thee, Thine slave, O Lord make merry. | ਤੇਰਾ ਚਿੰਤਨ ਅਤੇ ਆਰਾਧਨ ਕਰਨ ਦੁਆਰਾ, ਤੇਰੇ ਗੋਲੇ, ਹੇ ਸਾਹਿਬ! ਮੌਜਾਂ ਮਾਣਦੇ ਹਨ। |
| ਸਿਮਰਿ ਨਾਨਕ ਸਾਚੇ ਗੁਣ ਤਾਸਾ॥੪॥੨੬॥੩੯॥ | Nanak Meditates on the True Lord, the Treasure of excellences. | ਨਾਨਕ ਉਤਕ੍ਰਿਸ਼ਟਤਾਈਆਂ ਦੇ ਖ਼ਜ਼ਾਨੇ, ਸਚੇ ਸਾਹਿਬ ਦਾ ਭਜਨ ਕਰਦਾ ਹੈ। |

| ਭੈਰਉ ਮਹਲਾ ੫॥ | Bhairo 5th Guru. | ਭੈਰਉ ਪੰਜਵੀਂ ਪਾਤਿਸ਼ਾਹੀ |
|---|---|---|
| ਗੁਰ ਮਿਲਿ ਤਿਆਗਿਓ ਦੂਜਾ ਭਾਉ॥ | Meeting with the Guru, I have abandoned another's love. | ਗੁਰਾਂ ਨਾਲ ਮਿਲ ਕੇ ਮੈਂ ਹੋਰਸ ਦਾ ਪਿਆਰ ਛੱਡ ਦਿੱਤਾ ਹੈ। |
| ਗੁਰਮੁਖਿ ਜਪਿਓ ਹਰਿ ਕਾ ਨਾਉ॥ | By the Guru's grace, meditate on the name of my God. | ਗੁਰਾਂ ਦੀ ਦਇਆ ਦੁਆਰਾ ਮੈਂ ਆਪਣੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦਾ ਹਾਂ। |
| ਬਿਸਰੀ ਚਿੰਤ ਨਾਮਿ ਰੰਗੁ ਲਾਗਾ॥ | My anxiety is past and I am in love with the Name. | ਮੇਰੀ ਚਿੰਤਾ ਦੂਰ ਹੋ ਗਈ ਅਤੇ ਨਾਮ ਨਾਲ ਮੇਰੀ ਪਿਰਹੜੀ ਪੈ ਗਈ ਹੈ। |
| ਜਨਮ ਜਨਮ ਦਾ ਸੋਇਆ ਜਾਗਾ॥੧॥ | Asleep for many births, I have now awakened. | ਅਨੇਕਾਂ ਜਨਮਾਂ ਦਾ ਸੁੱਤਾ ਪਿਆ ਹੋਇਆ ਹੁਣ ਮੈਂ ਜਾਗ ਉਠਿਆ ਹਾਂ। |
| ਕਰਿ ਕਿਰਪਾ ਅਪਨੀ ਸੇਵਾ ਲਾਏ॥ | Showering His benediction the Lord has yoked me to His service. | ਆਪਣੀ ਰਹਿਮਤ ਧਾਰ ਕੇ ਪ੍ਰਭੂ ਨੇ ਮੈਨੂੰ ਆਪਣੀ ਟਹਿਲ ਸੇਵਾ ਅੰਦਰ ਜੋੜ ਲਿਆ ਹੈ। |
| ਸਾਧੂ ਸੰਗਿ ਸਰਬ ਸੁਖ ਪਾਏ॥੧॥ | In the society of the saints, I have obtained all comforts. | ਸਤਿਸੰਗਤ ਅੰਦਰ ਮੈਨੂੰ ਸਾਰੇ ਆਰਾਮ ਪਰਾਪਤ ਹੋ ਗਏ ਹਨ। |
| ਰਹਾਉ॥ | Pause. | ਠਹਿਰਾਉ। |
| ਰੋਗ ਦੋਖ ਗੁਰ ਸਬਦਿ ਨਿਵਾਰੇ॥ | The diseases and sins, I have warded off through the Guru's word. | ਬੀਮਾਰੀਆਂ ਅਤੇ ਪਾਪ ਮੈਂ ਗੁਰਾਂ ਦੀ ਬਾਣੀ ਦੀ ਰਾਹੀਂ ਦੂਰ ਕਰ ਛੱਡੇ ਹਨ। |
| ਨਾਮ ਅਉਖਧੁ ਮਨ ਭੀਤਰਿ ਸਾਰੇ॥ | The Name's medicine I have injected into my mind. | ਨਾਮ ਦੀ ਦਵਾਈ ਮੈਂ ਆਪਣੇ ਮਨ ਅੰਦਰ ਪੁਚਾਈ ਹੈ। |
| ਗੁਰ ਭੇਟਤ ਮਨਿ ਭਇਆ ਅਨੰਦ॥ | Meeting with the Guru, my mind is in bliss. | ਗੁਰਾਂ ਨਾਲ ਮਿਲ ਕੇ ਮੇਰਾ ਚਿਤ ਪ੍ਰਸੰਨ ਹੋ ਗਿਆ ਹੈ। |
| ਸਰਬ ਨਿਧਾਨ ਨਾਮ ਭਗਵੰਤ॥੨॥ | All the treasures are in the Lord's Name. | ਸਾਰੇ ਖ਼ਜ਼ਾਨੇ ਸੁਆਮੀ ਦੇ ਨਾਮ ਅੰਦਰ ਹਨ। |
| ਜਨਮ ਮਰਣ ਕੀ ਮਿਟੀ ਜਮ ਤ੍ਰਾਸ॥ | Dispelled is my dread of birth, death and Yama. | ਮੇਰਾ ਜੰਮਣ, ਮਰਨ ਅਤੇ ਯਮ ਦਾ ਡਰ ਦੂਰ ਹੋ ਗਿਆ ਹੈ। |
| ਸਾਧ ਸੰਗਤਿ ਊਂਧ ਕਮਲ ਬਿਗਾਸ॥ | Associating with the saints my heart's inverted lotus has blossomed. | ਸਤਿ ਸੰਗਤ ਕਰਨ ਦੁਆਰਾ, ਮੇਰੇ ਦਿਲ ਦਾ ਮੂਧਾ ਹੋਇਆ ਹੋਇਆ ਕੰਵਲ ਖਿੜ ਗਿਆ ਹੈ। |
| ਗੁਣ ਗਾਵਤ ਨਿਹਚਲੁ ਬਿਸ੍ਰਾਮ॥ | Singing God's praise I am blessed with the ever stable peace. | ਵਾਹਿਗੁਰੂ ਦੀ ਮਹਿਮਾ ਗਾਇਨ ਕਰਨ ਦੁਆਰਾ ਮੈਨੂੰ ਸਦੀਵੀ ਸਥਿਰ ਆਰਾਮ ਪਰਾਪਤ ਹੋ ਗਿਆ ਹੈ। |
| ਪੂਰਨ ਹੋਏ ਸਗਲੇ ਕਾਮ॥੩॥ | All my tasks are accomplished. | ਮੇਰੇ ਸਾਰੇ ਕਾਰਜ ਸੰਪੂਰਨ ਹੋ ਗਏ ਹਨ। |
| ਦੁਲਭ ਦੇਹ ਆਈ ਪਰਵਾਨੁ॥ | My invaluable body has been accepted by my Lord. | ਮੇਰੀ ਅਮੋਲਕ ਕਾਇਆ ਨੂੰ ਮੇਰੇ ਸੁਆਮੀ ਨੇ ਕਬੂਲ ਕਰ ਲਿਆ ਹੈ। |
| ਸਫਲ ਹੋਈ ਜਪਿ ਹਰਿ ਹਰਿ ਨਾਮੁ॥ | Contemplating the Lord God's Name, it has become fruitful. | ਸੁਆਮੀ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਨ ਦੁਆਰਾ ਇਹ ਫਲਦਾਇਕ ਹੋ ਗਈ ਹੈ। |
| ਕਹੁ ਨਾਨਕ ਪ੍ਰਭਿ ਕਿਰਪਾ ਕਰੀ॥ ਸਾਸਿ ਗਿਰਾਸ ਜਪਉ ਹਰਿ ਹਰੀ॥੪॥੨੯॥੪੨॥ | Says Nanak, my Lord has shown mercy unto me and with every breath and morsel of mine, I now ponder over my Lord Master. | ਗੁਰੂ ਜੀ ਆਖਦੇ ਹਨ, ਮੇਰੇ ਪ੍ਰਭੂ ਨੇ ਮੇਰੇ ਉੱਤੇ ਮਿਹਰ ਧਾਰੀ ਹੈ ਅਤੇ ਆਪਣੇ ਹਰ ਸੁਆਸ ਅਤੇ ਬੁਰਕੀ ਨਾਲ ਹੁਣ ਮੈਂ ਆਪਣੇ ਸੁਆਮੀ ਮਾਲਕ ਨੂੰ ਸਿਮਰਦਾ ਹਾਂ। |

# ਸੁਰ ਲਿਪੀਆਂ

ਉੱਤਮ ਸਿੰਘ
# 409, ਫੇਜ਼: 3 ਬੀ-1, ਮੁਹਾਲੀ

## ਰਾਗ ਭੈਰਵ

**ਸਵਰ** : ਰੇ ਅਤੇ ਧ ਕੋਮਲ ਬਾਕੀ ਸਾਰੇ ਸ਼ੁਧ, **ਥਾਟ** : ਭੈਰਵ, **ਵਾਦੀ** : ਧੁ, **ਸੰਵਾਦੀ** : ਰੁੇ,
**ਜਾਤੀ** : ਸੰਪੂਰਣ, **ਸਮਾਂ** : ਸਵੇਰ ਦਾ ਸੰਧੀ ਪ੍ਰਕਾਸ਼
**ਅਰੋਹ** : ਸ ਰੁੇ ਗ ਮ ਪ ਧੁ ਨੀ ਸਂ, **ਅਵਰੋਹ** : ਸਂ ਨੀ ਧੁ ਪ ਮ ਗ ਰੁੇ ਸ

ਤਾਲ – ਦਾਦਰਾ (ਮਾਤ੍ਰਾ-6)

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| **ਸਥਾਈ :** | | | | | | | | | | | |
| ਧੁ | - | ऽਪ | ਮ | ਪ | ਗ | ਗ | ਮ | ਗ | ਰੁੇ | ਸ | ਸ |
| ਦੀ | ऽ | ऽਨ | ਦੁਨੀ | ਆ | ऽ | ਤੇ | ਰੀ | ऽ | ਟੇ | ऽ | ਕ |
| ਮ | ਗ | ਮ | ਪ | ਪ | ਧੁ | ਸਂ | ਨੀ | ਧੁ | ਪ | ਪ | ਪ |
| ਸਭ | ਮਹਿ | ऽ | ਰਵਿ | ਆ | ऽ | ਸਾ | ਹਿ | ਬੁ | ਏ | ऽ | ਕ |
| X | | | O | | | X | | | O | | |
| **ਅੰਤਰਾ :** | | | | | | | | | | | |
| ਮ | ਪ | ਧੁ | ਨੀ | ਸਂ | -ਸਂ | ਸਂ | ਸਂ | ਸਂ | ਰੁੇਂ | ਸਂ | ਸਂ |
| ਤੇ | ਰੀ | ऽ | ਟੇ | ਕ | ऽਰ | ਹਾ | ऽ | ਕਲਿ | ਮਾ | ਹਿ | ऽ |
| ਸਂ | ਨੀ | ਧੁ | ਪ | ਮ | ਮ | ਪ | ਧੁ | ਨੀ | ਧੁ | ਪ | ਪ |
| ਤੇ | ਰੀ | ऽ | ਟੇ | ਕ | ਤੇ | ਰੇ | ऽ | ਗੁਨ | ਗਾ | ਹਿ | ऽ |
| ਮ | ਪ | ਧੁ | ਨੀ | ਸਂ | -ਸਂ | ਸਂ | ਸਂ | ਸਂ | ਰੁੇਂ | - | ਸਂ |
| ਤੇ | ਰੀ | ऽ | ਟੇ | ਕ | ऽਨ | ਪੋ | ਹੈ | ऽ | ਕਾ | ऽ | ਲ |
| ਸਂ | ਨੀ | ਧੁ | ਪ | ਮ | ਮ | ਪ | ਧੁ | ਨੀ | ਧੁ | ਪ | ਪ |
| ਤੇ | ਰੀ | ऽ | ਟੇ | ਕ | ਬਿਨ | ਸੈ | ऽ | ਜੈਂ | ਜਾ | ऽ | ਲ |
| X | | | O | | | X | | | O | | |

*With compliments from*
**Kulvinder Singh**

Phone : (O) 3312440
Resi. : 5721753

**SAWHNEY CLOTH HOUSE**
46, Shanker Market, Connaught Circus, New Delhi - 110 001

ਰਾਗ ਭੈਰਵ

ਤਾਲ – ਕਹਿਰਵਾ (ਮਾਤ੍ਰਾ–8)

| 1 | 2 | 3 | 4 | 5 | 6 | 7 | 8 |
|---|---|---|---|---|---|---|---|
| ਸਥਾਈ : | | | | | | ਮ | ਗ |
| | | | | | | ਕਰਿ | ਕਿਰ |
| ਮ | ਪ | ਪ | ਪ | – | ਮ | ਧੁ | ਧੁ |
| ਪਾ | s | ਅਪ | ਨੀ | s | s | ਸੇ | ਵਾ |
| ਧੁ | – | ਪ | – | – | – | ਮ | ਗ |
| ਲਾ | s | ਏ | s | s | s | ਸਾ | ਧੂ |
| ਮ | ਪ | ਪ | – | – | –ਗੁ | –ਗ | ਮ– |
| ਸੰ | s | ਗ | s | s | sਸ | ਰਬ | ਸੁਖ |
| ਰੇ | – | ਸ | – | – | – | | |
| ਪਾ | s | ਏ | s | s | s | | |
| X | | | | O | | | |
| ਅੰਤਰਾ : | | | | | | ਪ | ਧੁ |
| | | | | | | ਗੁ | ਰ |
| ਨੀ | – | ਸੰ | – | – | – | ਨੀ | ਸੰ |
| ਮਿ | ਲਿ | ਤਿਆ | s | ਗਿਓ | s | ਦੂ | ਜਾ |
| ਧੁ | – | ਪ | – | – | – | ਰੇਂ | ਰੇਂ |
| ਭਾ | s | ਉ | s | s | s | ਗੁਰ | ਮੁਖਿ |
| ਰੇਂ | ਸੰ | ਰੇਂਸੰ | ਗੰ | ਰੇਂ | ਸੰ | ਸੰ | ਰੇਂ |
| ਜ | ਪਿ | ਓs | s | s | s | ਹਰਿ | ਕਾ |
| ਨੀ | ਸੰ | – | – | – | – | | |
| ਨਾ | ਉ | s | s | s | s | | |
| | | | | | | ਪ | ਧੁ |
| | | | | | | ਬਿਸ | ਰੀ |
| ਨੀ | – | ਸੰ | – | – | –ਸੰ | –ਨੀ | ਸੰ |
| ਚਿੰ | s | ਤ | s | s | sਨਾ | sਮ | ਰੰਗੁ |
| ਧੁ | – | ਪ | – | – | – | ਮ | ਗ |
| ਲਾ | s | ਗਾ | s | s | s | ਜਨ | ਮਜ |
| ਮ | ਪ | ਪ | – | – | – | ਗ | ਮ |
| ਨ | ਮ | ਕਾ | s | s | s | ਸੋਇ | ਆ |
| ਰੇ | – | ਸ | – | – | – | ਮ | ਗ |
| ਜਾ | s | ਗਾ | s | s | s | ਕਰਿ | ਕਿਰ |
| X | | | | O | | | |

Postal Regd. No. PB/0135/2000 RNI Regd. No. 46788/89 ISSN 0972-2335






The Retail Banking Boutique gifts you the convenience of instant loan facilities at

565, Railway Road, Gurgaon Ph.: 0124-334590
SCO 23-24-25, Sector 34-A, Chandigarh Ph.: 0172-669477
Cheema Chowk I.F.B., Ludhiana Ph.: 0161-653157, 653158
Katra Ahluwalia, Amritsar Ph.: 0183-532820
Civil Lines, Jalandhar Ph.: 0181-224453

Car Loans ● Housing Loans

Personal Loans ● Consumer Loans

*In the service of nation since 1865*

ALLAHABAD BANK

*A Tradition of Trust*

# "ALP - THE MARK OF QUALITY"

*A joint venture with Nishikawa Rubber Company of Japan*
*(World leading company in EPDM weathstrips)*



## QUALITY SEALS FOR GLOBAL MARKET

**Manufactuers of specialised EPDM rubber, sponge and flock products for the automotive original equipment and building markets**

*UNDER THE BRAND NAME OF ALP, WE MANUFACTURE*

- Flocked / PU Coated Glass Run Channels
- Celluar Profiles with Nylon Inserts
- PVC Trims
- Bus Body Building Profiles
- Windshield Rubber
- Co-extrubed Profiles / Trims
- PVC Sponge Seals
- Building Profiles

The profiles comply with the most advanced international standards. Some of our esteemed customers are GM, Toyota, Lancer Mitsubishi, Honda Daewoo, Suzuki, Telco.

ALP

ANAND NISHIKAWA COMPANY LIMITED

**An ISO 9002 Company**
C- 10, Sector : 1, NOIDA (U.P.)
**Phone :** 0118 - 556528
**email :** anco.lalru@rmc.sprint.rpg.ems.vsnl.net.in
**Visit us at :** htto://wwwaindiannauto.com/alp